# ਅਜ਼ਾਦੀ - ਸ਼ਰਾ ਅਤੇ ਮਸੀਹ ਦਾ ਨਿਆਉਂ ਸਿੰਘਾਸਣ

ਫ੍ਰੈਂਕਲਿਨ ਦੇ ਨੋਟਸ

ਲੂਕਾ 4:18 *ਉਹ ਨੇ ਮੈਨੂੰ ਮਸਹ ਕੀਤਾ ਭਈ...ਬੰਧੂਆਂ ਨੂੰ **ਛੁੱਟਣ**...ਦਾ ਪਰਚਾਰ ਕਰਾਂ*

ਯੂਹੰਨਾ 8:32 ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ **ਅਜ਼ਾਦ ਕਰੇਗੀ।**

ਯੂਹੰਨਾ 8:36 *ਇਸ ਲਈ ਜੇ ਪੁੱਤਰ ਤੁਹਾਨੂੰ **ਅਜ਼ਾਦ** ਕਰੇ ਤਾਂ ਠੀਕ ਤੁਸੀਂ **ਅਜ਼ਾਦ ਹੋਵੋਗੇ।***

ਗਲਾਤੀਆਂ 5:1 *ਅਜ਼ਾਦੀ ਲਈ ਮਸੀਹ ਨੇ ਸਾਨੂੰ **ਅਜ਼ਾਦ ਕੀਤਾ।***

ਗਲਾਤੀਆਂ 5:13 *ਹੇ ਭਰਾਵੋ, ਤੁਸੀਂ ਤਾਂ **ਅਜ਼ਾਦੀ** ਲਈ ਸੱਦੇ ਗਏ ਸਾਓ*

ਸਾਨੂੰ ਉਸ ਅਜ਼ਾਦੀ, ਉਸ ਛੁੱਟ, ਬਾਰੇ ਸਪਸ਼ਟ ਤੌਰ ’ਤੇ ਸਮਝਣ ਦੀ ਲੋੜ ਹੈ ਜਿਹੜੀ ਸਾਨੂੰ ਵਿਸ਼ਵਾਸੀ ਹੋਣ ਕਰਕੇ ਮਿਲੀ ਹੈ।

ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਤੋਂ ਪਹਿਲਾਂ ਅਸੀਂ ***“ਪਾਪ ਦੇ ਦਾਸ”*** ਸੀ।

- ਰੋਮੀਆਂ 6:17 *“. . . ਤੁਸੀਂ **ਪਾਪ ਦੇ ਦਾਸ** ਸਾਓ”*
- ਰੋਮੀਆਂ 7:14 *“ਮੈਂ ਸਰੀਰਕ ਅਤੇ **ਪਾਪ ਦੇ ਹੱਥ ਵਿਕਿਆ ਹੋਇਆ ਹਾਂ।**”*
- ਅਫ਼ਸੀਆਂ 2:1-3 *“ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ **ਮੁਰਦੇ** ਸਾਓ”*

ਕਿਉਂਕਿ ਪਾਪ ਸਾਨੂੰ ਨਾਸ ਕਰ ਰਿਹਾ ਸੀ, ਇਸ ਕਰਕੇ ਪਰਮੇਸ਼ਰ ਨੇ ਆਪਣੇ ਪ੍ਰੇਮ ਅਤੇ ਦਯਾ ਵਿੱਚ ਸਾਨੂੰ ਸ਼ਰਾ ਦਿੱਤੀ।

- ਗਲਾਤੀਆਂ 3:19 *ਫੇਰ ਸ਼ਰਾ ਕੀ ਹੈ? ਉਹ ਅਪਰਾਧਾਂ ਦੇ ਕਾਰਨ ਨਾਲ ਰਲਾਈ ਗਈ*
- ਗਲਾਤੀਆਂ 3:23 *ਪਰ ਨਿਹਚਾ ਦੇ ਆਉਣ ਤੋਂ ਪਹਿਲਾਂ ਅਸੀਂ (1) ਉਸ ਨਿਹਚਾ ਦੇ ਲਈ ਜਿਹੜੀ ਪਰਗਟ ਹੋਣੀ ਸੀ ਸ਼ਰਾ ਦੇ **ਪਹਿਰੇ ਹੇਠ** (2) **ਬੱਧੇ ਹੋਏ** ਰਹਿੰਦੇ ਸਾਂ।*

  (1) ਫ਼੍ਰੋਉਰੇਓ (ਫ਼੍ਰੋਰੇਹੋ); ਪ੍ਰਤੀਕਾਤਮਕ ਰੂਪ ਵਿੱਚ, **ਘੇਰਾ ਪਾਉਣਾ, ਸੁਰੱਖਿਆ ਦੇਣਾ; ਕਿਲੇਬੰਦੀ ਵਿੱਚ ਰੱਖਣਾ**

  NKJ – ਪਹਿਰੇ ਹੇਠ ਰੱਖਿਆ NLT – ਸ਼ਰਾ ਦੁਆਰਾ ਸੁਰੱਖਿਅਤ ਰੱਖਿਆ

(2) ਸੁਗਕਲੇਇਓ (ਸੂੰਗਕਲਿਓ); ਬੰਦ ਕਰਕੇ ਰੱਖਣਾ; ਵਾੜੇ ਅੰਦਰ ਰੱਖਣਾ।

NLT – **ਸੁਰੱਖਿਅਤ ਪਹਿਰੇਦਾਰੀ ਵਿੱਚ ਰੱਖਿਆ**

ਉਦਾਹਰਨ: ਉੱਚੀ, ਖਤਰਨਾਕ ਪਹਾੜੀ ਸੜਕ ਦੇ ਕਿਨਾਰੇ ਲੱਗੀ ਰੇਲਿੰਗ। ਇਹ ਤੁਹਾਨੂੰ ਸੁਰੱਖਿਅਤ ਰੱਖਣ ਲਈ ਲਗਾਈ ਜਾਂਦੀ ਹੈ। ਰੇਲਿੰਗ ਦੇ ਪਾਰ ਜਾਣ ਦਾ ਅਰਥ ਹੈ ਤੀਬਰ ਪੀੜਾ ਅਤੇ ਕਸ਼ਟ ਦਾ ਸਾਹਮਣਾ ਕਰਨਾ।

**ਨਾਲੇ:** ਗਲਾਤੀਆਂ 3:24 *ਸੋ ਸ਼ਰਾ ਮਸੀਹ ਦੇ ਆਉਣ ਤੀਕੁਰ ਸਾਡੇ ਲਈ* ***ਨਿਗਾਹਬਾਨ*** *ਬਣੀ ਭਈ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਜਾਈਏ।*

- ਸ਼ਰਾ ਸਾਡੀ **ਅਧਿਆਪਕ / ਬੱਚਿਆਂ ਦੀ ਸਿੱਖਿਅਕ** ਜਾਂ **ਬੱਚਿਆਂ ਦੀ ਆਗੂ / ਸਰਪਰਸਤ** ਸੀ, ਜੋ ਬੱਚਿਆਂ ਨੂੰ ਸਕੂਲ ਲੈ ਕੇ ਜਾਂਦੀ ਹੈ (ਇਸ ਸ਼ਬਦ ਦਾ ਸ਼ਾਬਦਿਕ ਅਰਥ ਇਹੋ ਹੈ)।

ਬੱਚਿਆਂ ਨੂੰ ਇੱਕ ਅਧਿਆਪਕ ਦੀ ਇੱਕ ਸਿੱਖਿਅਕ ਦੀ ਇੱਕ ਸਰਪਰਸਤ ਦੀ ਲੋੜ ਹੈ, ਜੋ ਉਨ੍ਹਾਂ ਨੂੰ ਸਿਖਾਵੇ ਕਿ ਸਹੀ ਕੀ ਹੈ ਅਤੇ ਗਲਤ ਕੀ ਹੈ। ਜੋ ਉਨ੍ਹਾਂ ਨੂੰ ਦੱਸੇ ਕਿ "ਸੜਕ 'ਤੇ ਨਾ ਖੇਡੋ।" ਕਿ "ਗਰਮ ਸਟੋਵ ਨੂੰ ਹੱਥ ਨਾ ਲਾਓ।" ਸਾਡਾ ਸਵਰਗੀ ਪਿਤਾ ਨਹੀਂ ਚਾਹੁੰਦਾ ਕਿ ਅਸੀਂ ਆਪਣੇ ਆਪ ਨੂੰ ਨੁਕਸਾਨ ਪੁਚਾਈਏ।

ਸੋ ਸ਼ਰਾ ਸਾਨੂੰ ਸਿਖਾਉਂਦੀ ਹੈ ਕਿ:

1. ਪਾਪ ਕੀ ਹੈ:

ਰੋਮੀਆਂ 7:7 *ਸ਼ਰਾ ਤੋਂ ਬਿਨਾ ਮੈਂ ਪਾਪ ਨੂੰ ਨਾ ਪਛਾਣਦਾ ਕਿਉਂਕਿ ਜੇ ਸ਼ਰਾ ਨਾ ਕਹਿੰਦੀ ਭਈ ਲੋਭ ਨਾ ਕਰ ਤਾਂ ਮੈਂ ਲੋਭ ਨੂੰ ਨਾ ਜਾਣਦਾ।"*

2. ਧਾਰਮਿਕਤਾ ਕੀ ਹੈ:

ਰੋਮੀਆਂ 7:12 ਸੋ ਸ਼ਰਾ ਪਵਿੱਤਰ ਹੈ ਅਤੇ ਹੁਕਮਨਾਮਾ ਪਵਿੱਤਰ ਅਤੇ ਜਥਾਰਥ ਅਤੇ ਚੰਗਾ ਹੈ।

3. ਅਤੇ ਮੈਨੂੰ ਸ਼ਤਾਨ ਦੇ ਫੰਦੇ ਤੋਂ **ਬਚਾਈ** ਰੱਖਦੀ ਹੈ।

2 ਤਿਮੋਥਿਉਸ 2:25-26 *ਅਤੇ ਜਿਹੜੇ ਸਾਹਮਣਾ ਕਰਦੇ ਹਨ ਓਹਨਾਂ ਨੂੰ ਨਰਮਾਈ ਨਾਲ ਤਾੜਨਾ ਕਰੇ ਭਈ ਕੀ ਜਾਣੀਏ ਜੋ ਪਰਮੇਸ਼ਰ ਓਹਨਾਂ ਨੂੰ ਤੋਬਾ ਕਰਨੀ ਬਖ਼ਸ਼ੇ ਭਈ ਸਤ ਦੇ ਗਿਆਨ ਨੂੰ ਪਰਾਪਤ ਕਰਨ। ਅਤੇ ਉਹ ਦੀ ਇੱਛਿਆ ਨੂੰ ਪੂਰਿਆਂ ਕਰਨ ਲਈ ਸ਼ਤਾਨ ਦੀ ਫਾਹੀ ਵਿੱਚ ਫਸ ਕੇ ਹੋਸ਼ ਵਿੱਚ ਆਣ ਕੇ ਬਚ ਨਿੱਕਲਣ।*

ਅਫ਼ਸੀਆਂ 4:26-27 *ਪਾਪ ਨਾ ਕਰੋ,...ਨਾ ਸ਼ਤਾਨ ਨੂੰ ਥਾਂ ਦਿਓ!*

ਗਲਾਤੀਆਂ 4:4-7 *ਪਰ ਜਾਂ ਸਮਾ ਪੂਰਾ ਹੋਇਆ ਤਾਂ ਪਰਮੇਸ਼ਰ ਨੇ ਆਪਣੇ ਪੁੱਤਰ ਨੂੰ ਘੱਲਿਆ ਜਿਹੜਾ ਇਸਤਰੀ ਤੋਂ ਜੰਮਿਆ ਅਤੇ ਸ਼ਰਾ ਦੇ ਮਤਹਿਤ ਜੰਮਿਆ। **ਇਸ ਲਈ ਜੋ ਮੁੱਲ ਦੇ ਕੇ ਓਹਨਾਂ ਨੂੰ ਜਿਹੜੇ ਸ਼ਰਾ ਦੇ ਮਤਹਿਤ ਹਨ ਛੁਡਾਵੇ*** (ਸੁਰੱਖਿਅਤ ਪਹਿਰੇ ਹੇਠ ਰੱਖੇ ਗਏ) *ਭਈ ਲੇਪਾਲਕ ਪੁੱਤਰ ਹੋਣ ਦੀ ਪਦਵੀ ਸਾਨੂੰ ਪਰਾਪਤ ਹੋਵੇ* (ਬਾਲਕ ਤੋਂ ਪੁੱਤਰ ਤੱਕ)*। ਅਤੇ ਤੁਸੀਂ ਜੋ ਪੁੱਤਰ ਹੋ ਇਸੇ ਕਾਰਨ ਪਰਮੇਸ਼ਰ ਨੇ ਆਪਣੇ ਪੁੱਤਰ ਦੇ ਆਤਮਾ ਨੂੰ ਸਾਡੇ ਦਿਲਾਂ ਵਿੱਚ ਘੱਲ ਦਿੱਤਾ ਜਿਹੜਾ ਅੱਬਾ, ਅਰਥਾਤ ਹੇ ਪਿਤਾ ਪੁਕਾਰਦਾ ਹੈ। **ਸੋ ਤੂੰ ਅਗਾਹਾਂ ਨੂੰ ਗੁਲਾਮ ਨਹੀਂ** ਸਗੋਂ ਪੁੱਤਰ ਹੈਂ ਅਤੇ ਜੇ ਪੁੱਤਰ ਹੈਂ ਤਾਂ ਪਰਮੇਸ਼ਰ ਦੇ ਰਾਹੀਂ ਅਧਕਾਰੀ ਵੀ ਹੈਂ।*

- ਯਿਸੂ ਨੇ ਸਾਡੇ ਲਈ ਸ਼ਰਾ ਹੇਠ (ਇੱਕ ਉਦਾਹਰਨ ਵਾਂਗ) ਜੀਵਨ ਬਤੀਤ ਕੀਤਾ – ਸਾਡੇ ਦੁਆਰਾ ਸ਼ਰਾ ਤੋੜਨ ਦਾ ਹਰਜਾਨਾ (ਮੌਤ) ਅਦਾ ਕੀਤਾ – ਉਸ ਨੇ **ਸਾਡੇ** ਲਈ ਸ਼ਰਾ ਨੂੰ ਪੂਰਾ ਕੀਤਾ (ਮੱਤੀ 5:17) ਅਤੇ ਸਾਨੂੰ *"ਜਿਹੜੇ ਸ਼ਰਾ ਦੇ ਮਤਹਿਤ ਹਨ"* ਛੁਡਾ ਲਿਆ (ਆਪਣੀ ਸੁਰੱਖਿਅਤ ਪਹਿਰੇਦਾਰੀ ਵਿੱਚ ਰੱਖਿਆ)।

(**ਮੱਤੀ 5:17** ਇਹ ਨਾ ਸਮਝੋ ਭਈ ਮੈਂ ਤੁਰੇਤ ਯਾ ਨਬੀਆਂ ਨੂੰ ਖੰਡਣ ਆਇਆ ਹਾਂ। ਮੈਂ ਖੰਡਣ ਨਹੀਂ ਸਗੋਂ ਪੂਰਿਆਂ ਕਰਨ ਨੂੰ ਆਇਆ ਹਾਂ।)

- ਜਦ ਅਸੀਂ ਵਿਸ਼ਵਾਸ ਕਰਦੇ ਹਾਂ – ਸਾਡੇ ਪਾਪ ਮਾਫ ਹੋ ਜਾਂਦੇ ਹਨ – ਅਸੀਂ ਉਸ ਦੀ ਧਾਰਮਿਕਤਾ ਦਾ ਤੋਹਫਾ ਪ੍ਰਾਪਤ ਕਰਦੇ ਹਾਂ (2 ਕੁਰਿੰਥੀਆਂ 5:21) – ਅਤੇ ਫਿਰ ਪਵਿੱਤਰ ਆਤਮਾ ਸਾਡੇ ਵਿੱਚ ਆ ਸਕਦਾ ਹੈ – *"ਅਗਾਹਾਂ ਨੂੰ ਗੁਲਾਮ ਨਹੀਂ ਸਗੋਂ ਪੁੱਤਰ"* – *"ਅਧਕਾਰੀ"* ਜੋ **ਸਭਕੁਝ, ਪੂਰੇ ਤੌਰ 'ਤੇ ਪ੍ਰਾਪਤ ਕਰਦਾ ਹੈ**! ਹਾਲੇਲੁਯਾਹ!

# ਇਸ ਕਰਕੇ ਅਸੀਂ ਅਜ਼ਾਦ ਹਾਂ!

## I. ਅਸੀਂ ਪਾਪ ਦੇ ਸਦੀਪਕ ਹਰਜਾਨੇ—ਮੌਤ—ਤੋਂ ਅਜ਼ਾਦ ਹਾਂ।

- ਰੋਮੀਆਂ 5:8 *ਪਰੰਤੂ ਪਰਮੇਸ਼ਰ ਆਪਣਾ ਪ੍ਰੇਮ ਸਾਡੇ ਉੱਤੇ ਇਉਂ ਪਰਗਟ ਕਰਦਾ ਹੈ ਭਈ ਜਾਂ ਅਸੀਂ ਅਜੇ ਪਾਪੀ ਹੀ ਸਾਂ ਤਾਂ **ਮਸੀਹ ਸਾਡੇ ਲਈ ਮੋਇਆ।***

- ਰੋਮੀਆਂ 6:23 *ਪਾਪ ਦੀ ਮਜੂਰੀ ਤਾਂ **ਮੌਤ** ਹੈ ਪਰ ਪਰਮੇਸ਼ਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ **ਸਦੀਪਕ ਜੀਵਨ** ਹੈ।*

- 1 ਥੱਸਲੁਨੀਕੀਆਂ 5:10 ***ਜਿਹੜਾ ਸਾਡੇ ਲਈ ਮੋਇਆ** ਭਈ ਅਸੀਂ...ਉਹ ਦੇ ਨਾਲ ਹੀ ਜੀਵੀਏ।*

- ਰੋਮੀਆਂ 8:1-2 *ਸੋ ਹੁਣ ਓਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ **ਸਜ਼ਾ ਦਾ ਹੁਕਮ ਨਹੀਂ ਹੈ।** ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ **ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।***

  *ਆਇਤ 3 ਜੋ **ਸ਼ਰਾ** ਤੋਂ ਨਾ ਹੋ ਸੱਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ **ਨਿਤਾਣੀ ਸੀ**, ਪਰਮੇਸ਼ਰ ਨੇ ਆਪਣਾ ਪੁੱਤਰ ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿੱਚ ਘੱਲ ਕੇ ਸਰੀਰ ਵਿੱਚ ਹੀ **ਪਾਪ ਉੱਤੇ ਸਜ਼ਾ ਦਾ ਹੁਕਮ ਦਿੱਤਾ।***

  2 ਕੁਰਿੰਥੀਆਂ 5:21 *ਉਹ ਨੇ ਉਸ ਨੂੰ ਜਿਹਨਾ ਪਾਪ ਦਾ ਜਾਣੂ ਨਹੀਂ ਸੀ **ਸਾਡੀ ਖ਼ਾਤਰ ਪਾਪ ਠਹਿਰਾਇਆ ਗਿਆ** ਤਾਂ ਜੋ ਅਸੀਂ ਉਸ ਵਿੱਚ ਹੋ ਕੇ **ਪਰਮੇਸ਼ਰ ਦਾ ਧਰਮ** ਬਣੀਏ।*

  ਸਾਡੀ ਸਮੱਸਿਆ ਸ਼ਰਾ ਨਹੀਂ ਸੀ। ਸਾਡੀ ਸਮੱਸਿਆ ਪਾਪ ਅਤੇ ਸਾਡੇ ਸਰੀਰ ਦੀ ਦੁਰਬਲਤਾਈ ਸੀ (ਰੋਮੀਆਂ 7:14-21)। ਸ਼ਰਾ ਨੇ ਸਾਨੂੰ ਸਾਡਾ ਪਾਪ ਵੇਖਣ ਵਿੱਚ ਅਤੇ ਇਹ ਸਮਝਣ ਵਿੱਚ ਸਾਡੀ ਮਦਦ ਕੀਤੀ ਕਿ ਸਾਨੂੰ ਇੱਕ ਮੁਕਤੀਦਾਤਾ ਦੀ ਲੋੜ ਹੈ।

ਜਿਹੜੇ ਲੋਕ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਦੇ ਹਨ—ਮੁਕਤੀ ਲਈ ਉਸ ਉੱਤੇ ਭਰੋਸਾ ਕਰਦੇ ਹਨ—ਉਹ ਅਵਿਸ਼ਵਾਸ ਦੇ ਕਾਰਨ ਆਉਣ ਵਾਲੀ ਮੌਤ ਤੋਂ ਅਜ਼ਾਦ ਹਨ।

- 2 ਕੁਰਿੰਥੀਆਂ 5:19; ਯੂਹੰਨਾ 11-12; 3:15-18 ਅਤੇ ਹੋਰ ਕਈ ਆਇਤਾਂ

II. **ਸਦੀਪਕ ਜੀਵਨ ਤੱਕ** ਸ਼ਰਾ ਦੀ ਪਾਲਣਾ ਕਰਨ ਤੋਂ ਅਸੀਂ ਅਜ਼ਾਦ ਹਾਂ, ਹਾਲਾਂਕਿ ਸ਼ਰਾ ਦਾ ਉਦੇਸ਼ ਇਹ ਨਹੀਂ ਸੀ, ਇਹ ਤਾਂ ਮਨੁੱਖ ਦੀ ਗਲਤਫਹਿਮੀ ਸੀ।

- ਰੋਮੀਆਂ *6:23 ...ਪਰਮੇਸ਼ਰ ਦੀ **ਬਖ਼ਸ਼ੀਸ਼** ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ **ਸਦੀਪਕ ਜੀਵਨ** ਹੈ।*
- ਰੋਮੀਆਂ 3:20 *ਇਸ ਲਈ ਜੋ ਉਹ ਦੇ ਅੱਗੇ **ਸ਼ਰਾ ਦੇ ਕਰਮਾਂ ਤੋਂ ਕੋਈ ਸਰੀਰ ਧਰਮੀ ਨਹੀਂ ਠਹਿਰੇਗਾ** ਕਿਉਂ ਜੋ ਸ਼ਰਾ ਦੇ ਰਾਹੀਂ ਪਾਪ ਦੀ ਪਛਾਣ ਹੀ ਹੁੰਦੀ ਹੈ।*
    - ਸ਼ਰਾ ਦਾ ਉਦੇਸ਼ ਇਹੋ ਹੈ: "ਪਾਪ ਦੀ ਪਛਾਣ।"

- ਗਲਾਤੀਆਂ 2:16 *ਤਾਂ ਵੀ ਇਹ ਜਾਣ ਕੇ ਭਈ* ***ਮਨੁੱਖ ਸ਼ਰਾ ਦੇ ਕੰਮਾਂ ਤੋਂ ਨਹੀਂ ਸਗੋਂ ਨਿਰਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਧਰਮੀ ਠਹਿਰਾਇਆ ਜਾਂਦਾ ਹੈ*** *ਅਸਾਂ ਵੀ ਮਸੀਹ ਯਿਸੂ ਉੱਤੇ ਨਿਹਚਾ ਕੀਤੀ ਭਈ ਮਸੀਹ ਦੀ* ***ਨਿਹਚਾ ਤੋਂ,*** *ਨਾ ਸ਼ਰਾ ਦੇ ਕੰਮਾਂ ਤੋਂ* ***ਧਰਮੀ ਠਹਿਰਾਏ ਜਾਈਏ*** *ਕਿਉਂਕਿ ਕੋਈ ਬਸ਼ਰ ਸ਼ਰਾ ਦੇ ਕੰਮਾਂ ਤੋਂ ਧਰਮੀ ਨਹੀਂ ਠਹਿਰਾਇਆ ਜਾਵੇਗਾ।*

- ਗਲਾਤੀਆਂ 5:1 *ਅਜ਼ਾਦੀ ਲਈ ਮਸੀਹ ਨੇ ਸਾਨੂੰ* ***ਅਜ਼ਾਦ ਕੀਤਾ।*** *ਇਸ ਲਈ ਦ੍ਰਿੜ ਰਹੋ ਅਤੇ* ***ਗੁਲਾਮੀ ਦੇ ਜੂਲੇ*** *ਹੇਠਾਂ ਮੁੜ ਕੇ ਨਾ ਜੁਪੋ।*

  ਗਲਾਤੀਆਂ ਦੇ ਲਈ ਅਤੇ ਸਾਡੇ ਲਈ: *"ਗੁਲਾਮੀ ਦਾ ਜੂਲਾ"* ਇਸ **ਸੋਚ** ਦਾ ਭਾਰਾ ਬੋਝ ਸੀ ਕਿ ਸਦੀਪਕ ਜੀਵਨ ਪ੍ਰਾਪਤ ਕਰਨ ਲਈ ਧਰਮੀ ਠਹਿਰਾਏ ਜਾਣ ਵਾਸਤੇ ਸ਼ਰਾ ਦੀ ਪਾਲਣਾ ਕਰਦੇ ਰਹਿਣਾ ਅਤੇ ਸ਼ਰਾ ਨੂੰ ਪੂਰਾ ਕਰਦੇ ਰਹਿਣਾ ਪਵੇਗਾ।

## III. ਅਸੀਂ ਪਾਪ ਦੇ ਬੰਧਨ ਤੋਂ ਅਜ਼ਾਦ ਹਾਂ ਅਤੇ ਹੁਣ ਸਾਨੂੰ ਪਾਪ ਦੇ ਗੁਲਾਮ ਕਦੇ ਨਹੀਂ ਬਣਨਾ ਚਾਹੀਦਾ।

ਰੋਮੀਆਂ 6:17-20 *ਪਰ ਧੰਨਵਾਦ ਹੈ ਪਰਮੇਸ਼ਰ ਦਾ ਕਿ ਭਾਵੇਂ* ***ਤੁਸੀਂ ਪਾਪ ਦੇ ਦਾਸ ਸਾਓ*** *ਪਰ ਜਿਸ ਸਿੱਖਿਆ ਦੇ ਸੰਚੇ ਵਿੱਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ। (18) ਅਤੇ* ***ਪਾਪ ਤੋਂ ਛੁੱਟ ਕੇ*** *ਤੁਸੀਂ ਧਰਮ ਦੇ ਦਾਸ ਬਣ ਗਏ। (19) ...ਜਿਵੇਂ ਤੁਸਾਂ ਆਪਣੇ ਅੰਗ ਗੰਦ ਮੰਦ ਅਤੇ ਕੁਧਰਮ ਸਗੋਂ ਅੱਤ ਕੁਧਰਮ ਦੀ ਗੁਲਾਮੀ ਵਿੱਚ ਸੌਂਪ ਦਿੱਤੇ ਤਿਵੇਂ* ***ਹੁਣ ਆਪਣੇ ਅੰਗ ਧਰਮ ਦੀ ਗੁਲਾਮੀ ਵਿਚ*** *ਪਵਿੱਤਰ ਹੋਣ ਲਈ* ***ਸੌਂਪ ਦਿਓ।*** *(20) ਜਾਂ ਤੁਸੀਂ ਪਾਪ ਦੇ ਦਾਸ ਸਾਓ ਤਾਂ ਧਰਮ ਤੋਂ ਅਜ਼ਾਦ ਸਾਓ।*

ਆਇਤ 22 *ਪਰ ਹੁਣ ਤੁਸਾਂ* ***ਪਾਪ ਤੋਂ ਛੁੱਟ ਕੇ ਅਤੇ ਪਰਮੇਸ਼ਰ ਦੇ ਦਾਸ*** *ਬਣ ਕੇ ਪਵਿੱਤਰਤਾਈ ਦੇ ਲਈ ਆਪਣਾ ਫਲ ਅਤੇ ਓੜਕ ਨੂੰ ਸਦੀਪਕ ਜੀਵਨ ਪਾਉਂਦੇ ਹੋ।*

ਮਸੀਹ ਯਿਸੂ ਵਿੱਚ—ਜਿਸ ਨੇ ਜਿੱਤ ਹਾਸਿਲ ਕੀਤੀ ਅਤੇ ਉਹ ਜਿੱਤ ਸਾਨੂੰ ਦੇ ਦਿੱਤੀ—**ਅਸੀਂ ਪਾਪ ਤੋਂ ਅਜ਼ਾਦ ਅਤੇ ਮੌਤ ਤੋਂ ਅਜ਼ਾਦ ਹੋ ਕੇ ਜੀ ਸਕਦੇ ਹਾਂ।**

*ਪਰ ਧੰਨਵਾਦ ਹੈ ਪਰਮੇਸ਼ਰ ਦਾ ਜੋ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ!*

1 ਕੁਰਿੰਥੀਆਂ 15:57

## IV. ਅਸੀਂ ਆਪਣੇ ਸਵੈ ਤੋਂ ਅਜ਼ਾਦ ਹਾਂ

- ਰੋਮੀਆਂ 6:5-6 *ਅਸੀਂ ਇਹ ਜਾਣਦੇ ਹਾਂ ਜੋ ਸਾਡੀ ਪੁਰਾਣੀ ਮਨੁੱਖਤਾਈ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ*
- ਅਫ਼ਸੀਆਂ 4:22 *ਭਈ ਤੁਸੀਂ ਅਗਲੇ ਚਲਣ ਦੀ ਉਸ ਪੁਰਾਣੀ ਇਨਸਾਨੀਅਤ ਨੂੰ ਲਾਹ ਸੁੱਟੋ* (ਆਇਤ 24) *ਅਤੇ ਨਵੀਂ ਇਨਸਾਨੀਅਤ ਨੂੰ ਪਹਿਨ ਲਓ ਜਿਹੜੀ ਪਰਮੇਸ਼ਰ ਦੇ ਅਨੁਸਾਰ ਸਚਿਆਈ ਦੇ ਧਰਮ ਅਤੇ ਪਵਿੱਤਰਤਾਈ ਵਿੱਚ ਉਤਪਤ ਹੋਈ।*
- ਕੁਲੁੱਸੀਆਂ 3:1-10

## V. ਅਸੀਂ ਆਪਣੇ ਹਿਰਦੇ ਦੇ ਅਨੁਸਾਰ ਚੱਲਣ ਲਈ ਅਜ਼ਾਦ ਹਾਂ

- ਸਾਡਾ 'ਪੁਰਾਣਾ ਦਿਲ' ਨਹੀਂ ਪਰ ਸਾਡਾ 'ਨਵਾਂ ਦਿਲ' (ਹਿਜ਼ਕੀਏਲ 36:26)।
- 1 ਇਤਹਾਸ 17:2 *ਤਾਂ ਨਾਥਾਨ ਨੇ ਦਾਊਦ ਨੂੰ ਆਖਿਆ ਕਿ ਜੋ ਕੁਝ ਤੇਰਾ ਮਨੋਰਥ ਹੈ ਸੋ ਕਰ ਕਿਉਂ ਜੋ ਪਰਮੇਸ਼ਰ ਤੇਰੇ ਸੰਗ ਹੈ।*
- ਫ਼ਿਲਿੱਪੀਆਂ 2:13 *ਪਰਮੇਸ਼ਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।*
- ਦੂਜਿਆਂ ਦੇ ਨਿਯੰਤ੍ਰਣ ਤੋਂ ਅਜ਼ਾਦ
- 'ਮਨੁੱਖਾਂ ਨੂੰ ਪ੍ਰਸੰਨ' ਕਰਨ ਤੋਂ ਅਜ਼ਾਦ
- 2 ਕੁਰਿੰਥੀਆਂ 10:12 *ਕਿਉਂਕਿ ਸਾਡਾ ਇਹ ਹਿਆਉ ਨਹੀਂ ਪੈਂਦਾ ਜੋ ਅਸੀਂ ਆਪਣੇ ਆਪ ਨੂੰ ਉਨ੍ਹਾਂ ਵਿੱਚੋਂ ਕਈਆਂ ਨਾਲ ਗਿਣੀਏ ਅਥਵਾ ਮਿਲਾ ਮਿਲਾ ਕੇ ਵੇਖੀਏ ਜਿਹੜੇ ਆਪਣੀ ਨੇਕ ਨਾਮੀ ਜਤਾਉਂਦੇ ਹਨ ਪਰ ਓਹ ਆਪ ਹੀ ਆਪਣੇ ਆਪ ਨੂੰ ਆਪਣੇ ਆਪ ਨਾਲ ਮਿਚਾ ਮਿਚਾ ਕੇ ਅਤੇ ਆਪਣੇ ਆਪ ਨੂੰ ਆਪਣੇ ਆਪ ਨਾਲ ਮਿਲਾ ਮਿਲਾ ਕੇ ਬੇਸਮਝ ਠਹਿਰਦੇ ਹਨ।*

## VI. ਅਸੀਂ ਯਿਸੂ ਮਸੀਹ ਦੀ ਆਗਿਆਕਾਰੀ ਕਰਨ ਲਈ ਅਜ਼ਾਦ ਹਾਂ

ਰੋਮੀਆਂ 6:12-14 *ਉਪਰੰਤ ਪਾਪ ਤੁਹਾਡੀ ਮਰਨਹਾਰ ਦੇਹੀ ਵਿੱਚ ਰਾਜ* ***ਨਾ*** *ਕਰੇ ਜੋ ਤੁਸੀਂ ਉਹ ਦਿਆਂ ਬੁਰਿਆਂ ਵਿਸ਼ਿਆਂ ਦੇ ਅਧੀਨ ਹੋਵੋ। (13) ਅਤੇ ਆਪਣੇ ਅੰਗ ਕੁਧਰਮ ਦੇ ਹਥਿਆਰ ਬਣਾ ਕੇ ਪਾਪ ਨੂੰ* ***ਨਾ*** *ਸੌਂਪੋ* ***ਸਗੋਂ ਆਪਣੇ ਆਪ ਨੂੰ*** *ਮੁਰਦਿਆਂ ਵਿੱਚੋਂ ਜੀ ਉੱਠੇ ਹੋਏ ਜਾਣ ਕੇ* ***ਪਰਮੇਸ਼ਰ ਨੂੰ ਸੌਂਪ ਦਿਓ*** *ਅਤੇ ਆਪਣੇ ਅੰਗ* ***ਧਰਮ ਦੇ ਹਥਿਆਰ ਬਣਾ ਕੇ*** *ਪਰਮੇਸ਼ਰ ਨੂੰ ਸੌਂਪ ਦਿਓ। (14) ਕਿਉਂ ਜੋ ਤੁਹਾਡੇ ਉੱਤੇ ਪਾਪ ਦੀ ਵਾਹ ਨਾ ਚੱਲੇਗੀ ਇਸ ਲਈ ਜੋ*

*ਤੁਸੀਂ ਸ਼ਰਾ ਦੇ ਹੇਠ ਨਹੀਂ ਸਗੋਂ ਕਿਰਪਾ ਦੇ ਹੇਠ ਹੋ। (16) ਭਲਾ, ਤੁਸੀਂ ਨਹੀਂ ਜਾਣਦੇ ਹੋ ਭਈ ਆਗਿਆ ਮੰਨਣ ਲਈ ਜਿਹ ਦੇ ਹੱਥ ਤੁਸੀਂ ਆਪਣੇ ਆਪ ਨੂੰ ਦਾਸ ਬਣਾ ਕੇ ਸੌਂਪ ਦਿੰਦੇ ਹੋ* ***ਤੁਸੀਂ ਉਸੇ ਦੇ ਦਾਸ ਹੋ ਜਿਹ ਦੀ ਆਗਿਆ ਮੰਨਦੇ ਹੋ ਭਾਵੇਂ ਮੌਤ ਲਈ ਪਾਪ ਦੇ, ਭਾਵੇਂ ਧਰਮ ਲਈ ਆਗਿਆਕਾਰੀ ਦੇ।***

ਯੂਹੰਨਾ 14:15 ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ **ਪਾਲਨਾ ਕਰੋਗੇ।**

ਯੂਹੰਨਾ 14:21 ਜਿਹ ਦੇ ਕੋਲ ਮੇਰੇ ਹੁਕਮ ਹਨ ਅਤੇ ਉਹ ਉਨ੍ਹਾਂ ਦੀ **ਪਾਲਨਾ ਕਰਦਾ ਹੈ** ਸੋਈ ਹੈ ਜੋ ਮੈਨੂੰ ਪਿਆਰ ਕਰਦਾ ਹੈ, ਅਤੇ ਜਿਹੜਾ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਪਿਤਾ ਦਾ ਪਿਆਰਾ ਹੋਵੇਗਾ ਅਰ ਮੈਂ ਉਹ ਦੇ ਨਾਲ ਪਿਆਰ ਕਰਾਂਗਾ ਅਤੇ ਆਪਣੇ ਤਾਈਂ ਉਸ ਉੱਤੇ ਪਰਗਟ ਕਰਾਂਗਾ।

ਯੂਹੰਨਾ 14:23-24 ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਜੇ ਕੋਈ ਮੈਨੂੰ ਪਿਆਰ ਕਰਦਾ ਹੈ **ਉਹ ਮੇਰੇ ਬਚਨ ਦੀ ਪਾਲਨਾ ਕਰੇਗਾ** ਅਤੇ ਮੇਰਾ ਪਿਤਾ ਉਹ ਨੂੰ ਪਿਆਰ ਕਰੇਗਾ ਅਤੇ ਅਸੀਂ ਉਹ ਦੇ ਕੋਲ ਆਵਾਂਗੇ ਅਰ ਉਹ ਦੇ ਨਾਲ ਵਾਸ ਕਰਾਂਗੇ। ਜਿਹੜਾ ਮੈਨੂੰ ਪਿਆਰ ਨਹੀਂ ਕਰਦਾ ਉਹ ਮੇਰੇ ਬਚਨਾਂ ਦੀ ਪਾਲਨਾ ਨਹੀਂ ਕਰਦਾ ਅਤੇ ਇਹ ਬਚਨ ਜੋ ਤੁਸੀਂ ਸੁਣਦੇ ਹੋ ਮੇਰਾ ਨਹੀਂ ਸਗੋਂ ਪਿਤਾ ਦਾ ਹੈ ਜਿਨ ਮੈਨੂੰ ਘੱਲਿਆ।

ਯੂਹੰਨਾ 15:10-11 **ਜੇਕਰ ਤੁਸੀਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ** ਤਾਂ ਮੇਰੇ ਪ੍ਰੇਮ ਵਿੱਚ ਰਹੋਗੇ ਜਿਵੇਂ ਮੈਂ ਆਪਣੇ ਪਿਤਾ ਦੇ ਹੁਕਮਾਂ ਦੀ ਪਾਲਨਾ ਕੀਤੀ ਹੈ ਅਤੇ ਉਹ ਦੇ ਪ੍ਰੇਮ ਵਿੱਚ ਰਹਿੰਦਾ ਹਾਂ। ਏਹ ਗੱਲਾਂ ਮੈਂ ਤੁਹਾਨੂੰ ਇਸ ਲਈ ਆਖੀਆਂ ਜੋ ਮੇਰੀ ਖੁਸ਼ੀ ਤੁਹਾਡੇ ਵਿੱਚ ਹੋਵੇ ਅਤੇ ਤੁਹਾਡੀ ਖੁਸ਼ੀ ਪੂਰੀ ਹੋ ਜਾਵੇ।

1 ਯੂਹੰਨਾ 5:2 *ਜਾਂ ਅਸੀਂ ਪਰਮੇਸ਼ਰ ਨਾਲ ਪ੍ਰੇਮ ਰੱਖਦੇ ਅਤੇ ਉਹ ਦੇ ਹੁਕਮਾਂ* ***ਉੱਤੇ ਚੱਲਦੇ ਹਾਂ*** (ਸ਼ਾਬਦਿਕ, **ਪੂਰਾ ਕਰਦੇ ਹਾਂ**) *ਤਾਂ ਇਸ ਤੋਂ ਜਾਣਦੇ ਹਾਂ ਭਈ ਅਸੀਂ ਪਰਮੇਸ਼ਰ ਦਿਆਂ ਬਾਲਕਾਂ ਨਾਲ ਪ੍ਰੇਮ ਰੱਖਦੇ ਹਾਂ।*

ਪ੍ਰੇਮ ਪ੍ਰੇਰਣਾ ਹੈ—ਕੰਮ ਜਾਂ ਮੁਕਤੀ ਕਮਾਉਣ ਦੇ ਜਤਨ ਨਹੀਂ। "ਪਰਮੇਸ਼ਰ ਪ੍ਰੇਮ ਹੈ" ਅਤੇ ਪਰਮੇਸ਼ਰ ਪਵਿੱਤਰ ਆਤਮਾ ਦੇ ਰੂਪ ਵਿੱਚ "ਸਾਡੇ ਅੰਦਰ" ਹੈ ਜੋ ਸਾਨੂੰ ਪ੍ਰੇਰਣਾ (ਪ੍ਰੇਮ) ਅਤੇ ਯਿਸੂ ਦੀ ਆਗਿਆਕਾਰੀ ਕਰਨ ਦੀ ਕਾਬਲੀਅਤ ਦਿੰਦਾ ਹੈ।

1 ਯੂਹੰਨਾ 2:3-5 *ਅਤੇ* ***ਜੇ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ*** *ਤਾਂ ਇਸ ਤੋਂ ਜਾਣਦੇ ਹਾਂ ਜੋ ਅਸਾਂ ਉਹ ਨੂੰ ਜਾਤਾ ਹੈ। ਉਹ ਜਿਹੜਾ ਆਖਦਾ ਹੈ ਭਈ ਮੈਂ ਉਹ ਨੂੰ ਜਾਣਿਆ ਹੈ ਅਤੇ ਉਹ ਦੇ ਹੁਕਮਾਂ ਦੀ ਪਾਲਨਾ ਨਹੀਂ ਕਰਦਾ ਸੋ ਝੂਠਾ ਹੈ ਅਤੇ ਸਚਿਆਈ ਉਹ ਦੇ ਵਿੱਚ ਹੈ ਨਹੀਂ। ਪਰ ਜੋ ਕੋਈ* ***ਉਹ ਦੇ ਬਚਨ ਦੀ ਪਾਲਨਾ ਕਰਦਾ ਹੋਵੇ*** *ਉਸ ਵਿੱਚ* ***ਪਰਮੇਸ਼ਰ ਦਾ ਪ੍ਰੇਮ*** *ਸੱਚੀਂ ਮੁੱਚੀਂ ਸੰਪੂਰਨ ਕੀਤਾ ਹੋਇਆ ਹੈ। ਇਸ ਤੋਂ ਅਸੀਂ ਜਾਣਦੇ ਹਾਂ ਜੋ ਅਸੀਂ ਉਹ ਦੇ ਵਿੱਚ ਹਾਂ।*

## ਸੋ, ਅਸੀਂ ਵੇਖਦੇ ਹਾਂ ਕਿ ਅਸੀਂ **ਇਨ੍ਹਾਂ ਤੋਂ ਅਜ਼ਾਦ ਨਹੀਂ ਹਾਂ**:

I. "ਸ਼ਰਾਂ ਦੀਆਂ ਮੰਗਾਂ।" ਇਹ ਅਜੇ ਵੀ ਪਰਮੇਸ਼ਰ ਦੇ ਰਾਜ ਵਿੱਚ ਅਗਵਾਈ ਕਰਨ ਵਾਲੇ ਸਿਧਾਂਤਾਂ ਵਜੋਂ ਖੜੀਆਂ ਹਨ।

ਰੋਮੀਆਂ 8:1-8 *ਸੋ ਹੁਣ ਓਹਨਾਂ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ ਸਜ਼ਾ ਦਾ ਹੁਕਮ ਨਹੀਂ ਹੈ। ਕਿਉਂਕਿ* ***ਜੀਵਨ ਦੇ ਆਤਮਾ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ*** *ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ। ਜੋ ਸ਼ਰਾ ਤੋਂ ਨਾ ਹੋ ਸੱਕਿਆ ਇਸ ਕਰਕੇ ਜੋ ਉਹ ਸਰੀਰ ਦੇ ਕਾਰਨ ਨਿਤਾਣੀ ਸੀ, ਪਰਮੇਸ਼ਰ ਨੇ ਆਪਣਾ ਪੁੱਤਰ ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿੱਚ ਘੱਲ ਕੇ ਸਰੀਰ ਵਿੱਚ ਹੀ ਪਾਪ ਉੱਤੇ ਸਜ਼ਾ ਦਾ ਹੁਕਮ ਦਿੱਤਾ।*

ਕਿਉਂ?

***ਇਸ ਲਈ ਜੋ ਸਾਡੇ ਵਿੱਚ*** *ਜਿਹੜੇ ਸਰੀਰ ਦੇ ਨਹੀਂ ਸਗੋਂ ਆਤਮਾ ਦੇ ਅਨੁਸਾਰ ਚੱਲਦੇ ਹਾਂ* ***ਸ਼ਰਾ ਦਾ ਰਾਸਤ ਹੁਕਮ ਪੂਰਾ ਹੋਵੇ।*** *ਜਿਹੜੇ ਸਰੀਰਕ ਹਨ ਓਹ ਸਰੀਰ ਦੀਆਂ ਵਸਤਾਂ ਉੱਤੇ ਪਰ ਜਿਹੜੇ ਆਤਮਿਕ ਹਨ ਓਹ ਆਤਮਾ ਦੀਆਂ ਵਸਤਾਂ ਉੱਤੇ ਮਨ ਲਾਉਂਦੇ ਹਨ। ਕਿਉਂ ਜੋ ਸਰੀਰਕ ਮਨਸ਼ਾ ਮੌਤ ਹੈ ਪਰ ਆਤਮਿਕ ਮਨਸ਼ਾ ਜੀਵਨ ਅਤੇ ਸ਼ਾਂਤੀ ਹੈ। (ਆਇਤ 7) ਇਸ ਲਈ ਜੋ ਸਰੀਰਕ ਮਨਸ਼ਾ ਪਰਮੇਸ਼ਰ ਨਾਲ ਵੈਰ ਹੈ ਕਿਉਂ ਜੋ* ***ਉਹ ਪਰਮੇਸ਼ਰ ਦੀ ਸ਼ਰਾ ਦੇ ਅਧੀਨ ਨਹੀਂ ਹੈ ਅਤੇ ਨਾ ਹੀ ਹੋ ਸੱਕਦੀ ਹੈ।*** *(ਆਇਤ 8) ਅਤੇ ਜਿਹੜੇ ਸਰੀਰਕ ਹਨ ਓਹ* ***ਪਰਮੇਸ਼ਰ ਨੂੰ ਪਰਸੰਨ ਕਰ ਨਹੀਂ ਸਕਦੇ ਹਨ।*** *(ਆਇਤ 9) ਪਰ ਤੁਸੀਂ ਸਰੀਰਕ ਨਹੀਂ ਸਗੋਂ ਆਤਮਕ ਹੋ ਪਰ ਤਦੇ ਜੇ* ***ਪਰਮੇਸ਼ਰ ਦਾ ਆਤਮਾ ਤੁਹਾਡੇ ਵਿੱਚ ਵੱਸਦਾ ਹੋਵੇ*** *ਪਰੰਤੂ ਜਿਹ ਦੇ ਵਿੱਚ ਮਸੀਹ ਦਾ ਆਤਮਾ ਨਹੀਂ ਹੈ ਸੋ ਉਹ ਓਹ ਦਾ ਨਹੀਂ ਹੈ।*

ਨਵੇਂ ਨੇਮ ਦੇ ਵਿਸ਼ਵਾਸੀਆਂ ਵਜੋਂ, "**ਸਾਡੇ ਅੰਦਰ**" ਪਵਿੱਤਰ ਆਤਮਾ ਦੇ ਨਾਲ (ਆਇਤ 9) ਸਾਨੂੰ ਸ਼ਕਤੀ ਅਤੇ ਕਾਬਲੀਅਤ ਮਿਲਦੀ ਹੈ ਕਿ ਅਸੀਂ:

- *ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।* 2 ਕੁਰਿੰਥੀਆਂ 10:5
- ਆਪਣੇ ਆਪ ਨੂੰ ਪਰਮੇਸ਼ਰ ਦੀ ਸ਼ਰਾ ਦੇ ਲਈ ਦੇ ਸਕੀਏ (ਉਪਰੋਕਤ ਆਇਤ 7)
- ਸ਼ਰਾ ਦੀ ਪਾਲਣਾ ਕਰ ਸਕੀਏ ਅਤੇ ਪਾਪ ਤੋਂ ਅਜ਼ਾਦ, ਅਨ੍ਹੇਰੇ ਦੇ ਰਾਜ ਤੋਂ ਅਜ਼ਾਦ ਅਤੇ "ਦੁਸ਼ਟ" ਦੇ ਹਮਲੇ ਤੋਂ ਅਜ਼ਾਦ ਹੋ ਕੇ ਜੀ ਸਕੀਏ ਅਤੇ ਪਰਮੇਸ਼ਰ ਨੂੰ ਪ੍ਰਸੰਨ ਕਰ ਸਕੀਏ।

*"ਇਸ ਲਈ ਜੋ* ***ਸਾਡੇ ਵਿੱਚ*** *ਜਿਹੜੇ ਸਰੀਰ ਦੇ ਨਹੀਂ ਸਗੋਂ* ***ਆਤਮਾ ਦੇ ਅਨੁਸਾਰ ਚੱਲਦੇ ਹਾਂ ਸ਼ਰਾ ਦਾ ਰਾਸਤ ਹੁਕਮ ਪੂਰਾ ਹੋਵੇ।****"* ਰੋਮੀਆਂ 8:4

ਪਵਿੱਤਰ ਆਤਮਾ ਧਾਰਮਿਕਤਾ ਦੇ ਮਾਰਗ ਵਿੱਚ ਤੁਹਾਡੀ ਅਗਵਾਈ ਕਰੇਗੀ, ਅਤੇ...

. . . . *ਦੁਸ਼ਟ ਤੁਹਾਨੂੰ ਨੂੰ ਹੱਥ ਨਹੀਂ ਲਗਾ ਸਕੇਗਾ।* (1 ਯੂਹੰਨਾ 5:18)

## II. ਅਸੀਂ ਪਾਪ ਦੇ ਦੁਨਿਆਵੀ ਨਤੀਜਿਆਂ ਤੋਂ **ਅਜ਼ਾਦ ਨਹੀਂ** ਹਾਂ।

- ਯੂਹੰਨਾ 5:14 ਯਿਸੂ ਨੇ ਉਸ ਨੂੰ ਕਿਹਾ, "...ਫੇਰ ਪਾਪ ਨਾ ਕਰੀਂ ਕਿਤੇ ਐਉਂ ਨਾ ਹੋਵੇ ਜੋ ਐਸ ਨਾਲੋਂ ਵੀ ਕੋਈ ਬੁਰੀ ਬਿਪਤਾ ਤੇਰੇ ਉੱਤੇ ਆ ਪਵੇ।"

- ਅਫ਼ਸੀਆਂ 4:27 *ਨਾ ਸ਼ਤਾਨ ਨੂੰ ਥਾਂ ਦਿਓ।*

ਜਦ ਅਸੀਂ ਪਰਮੇਸ਼ਰ ਦੇ ਰਾਜ ਦੇ ਨਿਯਮਾਂ ਨੂੰ ਰੱਦਦੇ ਜਾਂ ਉਨ੍ਹਾਂ ਦੀ ਅਣਆਗਿਆਕਾਰੀ ਕਰਦੇ ਹਾਂ, ਤਦ ਅਸੀਂ ਪਾਪ ਵਿੱਚ ਅਤੇ ਅਨ੍ਹੇਰੇ ਦੇ ਰਾਜ ਵਿੱਚ ਚੱਲਦੇ ਹਾਂ। ਸ਼ਤਾਨ ਨੂੰ ਹਮਲਾ ਕਰਨ ਦਾ ਕਨੂੰਨੀ ਅਧਿਕਾਰ ਦੇ ਦਿੰਦੇ ਹਾਂ।

- 1 ਪਤਰਸ 5:8 *ਸੁਚੇਤ ਹੋਵੋ, ਜਾਗਦੇ ਰਹੋ! ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵਾਂ!*

- ਜ਼ਬੂਰ 89:27-34 *ਮੈਂ ਵੀ ਉਹ ਨੂੰ ਆਪਣਾ ਜੇਠਾ, ਅਤੇ ਧਰਤੀ ਦਿਆਂ ਰਾਜਿਆਂ ਵਿੱਚੋਂ ਅੱਤ ਮਹਾਨ ਬਣਾਵਾਂਗਾ। ਮੈਂ ਸਦਾ ਉਹ ਦੇ ਲਈ ਆਪਣੀ ਦਯਾ ਬਣਾਈ ਰੱਖਾਂਗਾ, ਅਤੇ* ***ਮੇਰਾ ਨੇਮ ਉਹ ਦੇ ਨਾਲ ਪੱਕਾ ਰਹੇਗਾ****, ਅਤੇ ਮੈਂ ਉਹ ਦੇ ਵੰਸ ਨੂੰ ਸਦਾ ਤੀਕ, ਅਤੇ ਉਹ ਦੀ ਰਾਜ ਗੱਦੀ ਨੂੰ ਅਕਾਸ਼ ਦੇ ਦਿਨਾਂ ਵਾਂਙੁ ਸਾਂਭਾਂਗਾ। ਜੇ ਉਹ ਦੇ ਬੱਚੇ ਮੇਰੀ ਬਿਵਸਥਾ ਨੂੰ ਤਿਆਗ ਦੇਣ, ਅਤੇ ਮੇਰੇ ਨਿਆਵਾਂ ਉੱਤੇ ਨਾ ਚੱਲਣ, ਜੇ ਓਹ ਮੇਰੀਆਂ ਬਿਧੀਆਂ ਨੂੰ ਵਿਗਾੜ ਦੇਣ, ਅਤੇ ਮੇਰੇ ਹੁਕਮਾਂ ਦੀ ਪਾਲਨਾ ਨਾ ਕਰਨ, ਤਾਂ* ***ਮੈਂ ਡੰਡੇ ਨਾਲ ਉਨ੍ਹਾਂ ਦੇ ਅਪਰਾਧਾਂ ਦੀ ਅਤੇ ਕੋਰੜਿਆਂ ਨਾਲ ਉਨ੍ਹਾਂ ਦੀ ਬਦੀ ਦੀ ਸਜ਼ਾ ਦਿਆਂਗਾ। ਪਰ ਮੈਂ ਆਪਣੀ ਦਯਾ ਉਸ ਤੋਂ ਹਟਾ ਨਾ ਲਵਾਂਗਾ****, ਨਾ ਆਪਣੀ ਵਫ਼ਾਦਾਰੀ ਛੱਡ ਕੇ ਝੂਠਾ ਹੋਵਾਂਗਾ।* ***ਮੈਂ*** *ਆਪਣੇ ਨੇਮ ਨੂੰ* ***ਭਰਿਸ਼ਟ ਨਾ ਕਰਾਂਗਾ****, ਅਤੇ ਜੋ ਮੇਰੇ ਬੁੱਲ੍ਹਾਂ ਵਿੱਚੋਂ ਨਿੱਕਲਿਆ ਉਹ ਨੂੰ* ***ਨਾ ਬਦਲਾਂਗਾ।***

## III. ਅਸੀਂ ਆਪਣੀ ਮਨ-ਮਰਜ਼ੀ—ਜੋ ਅਸੀਂ ਚਾਹੁੰਦੇ ਹਾਂ ਉਹ—ਕਰਨ ਲਈ **ਅਜ਼ਾਦ ਨਹੀਂ** ਹਾਂ।

1 ਪਤਰਸ 2:16-17 ***ਤੁਸੀਂ ਅਜ਼ਾਦ ਹੋ ਕੇ*** *ਆਪਣੀ ਅਜ਼ਾਦੀ ਨੂੰ ਬੁਰਿਆਈ ਦਾ ਪੜਦਾ* ***ਨਾ*** *ਬਣਾਓ ਸਗੋਂ ਆਪਣੇ ਆਪ ਨੂੰ ਪਰਮੇਸ਼ਰ ਦੇ ਗੁਲਾਮ ਜਾਣੋ। ਸਭਨਾਂ ਦਾ ਆਦਰ ਕਰੋ, ਭਾਈਆਂ ਨਾਲ ਪ੍ਰੇਮ ਰੱਖੋ, ਪਰਮੇਸ਼ਰ ਦਾ ਭੈ ਮੰਨੋ, ਪਾਤਸ਼ਾਹ ਦਾ ਆਦਰ ਕਰੋ।*

ਗਲਾਤੀਆਂ 5:13-14 *ਹੇ ਭਰਾਵੋ, ਤੁਸੀਂ ਤਾਂ ਅਜ਼ਾਦੀ ਲਈ ਸੱਦੇ ਗਏ ਸਾਓ ਪਰ* ***ਆਪਣੀ ਅਜ਼ਾਦੀ ਨੂੰ ਸਰੀਰ ਲਈ ਔਸਰ ਜਾਣ ਕੇ ਨਾ ਵਰਤੋ*** *ਸਗੋਂ* ***ਪ੍ਰੇਮ ਦੇ ਰਾਹੀਂ*** *ਇੱਕ ਦੂਏ ਦੀ ਟਹਿਲ ਸੇਵਾ ਕਰੋ। ਕਿਉਂ ਜੋ* ***ਸਾਰੀ ਸ਼ਰਾ*** *ਇੱਕੋ ਗੱਲ ਵਿੱਚ* ***ਸਮਾਪਤ ਹੁੰਦੀ ਹੈ*** *ਅਰਥਾਤ ਇਸ ਵਿੱਚ ਭਈ ਆਪਣੇ ਗੁਆਂਢੀ ਨਾਲ ਆਪਣੇ ਜਿਹਾ* ***ਪਿਆਰ*** *ਕਰ।*

ਨਵੇਂ ਨੇਮ ਦੇ ਵਿਸ਼ਵਾਸੀਆਂ ਦੇ ਲਈ ਸ਼ਰਾ ਦਾ ਮੁੱਖ ਮੁੱਦਾ ਅਤੇ ਉਦੇਸ਼ ਇਹੋ ਹੈ।

→ਅਸੀਂ ਉਨ੍ਹਾਂ ਲੋਕਾਂ ਦੇ ਲਈ ਅਤੇ ਨਾਲ ਪ੍ਰੇਮ ਭਰਿਆ ਜੀਵਨ ਕਿਵੇਂ ਜੀ ਸਕਦੇ ਹਾਂ ਜਿਨ੍ਹਾਂ ਦੇ ਲਈ ਯਿਸੂ ਮੋਇਆ।

ਅਰਥਾਤ: ਲੋਕਾਂ ਦੇ ਨਾਲ ਸਹੀ ਸੰਬੰਧ।

ਮਸੀਹਤ ਦੀ ਬੁਨਿਆਦ ਸੰਬੰਧ ਹਨ!

ਸ਼ਰਾ ਦਾ ਉਦੇਸ਼ ਇਹੋ ਹੈ।

- 1 ਪਤਰਸ 2:13 ਤੁਸੀਂ...ਹਰੇਕ ਪਰਬੰਧ ਦੇ **ਅਧੀਨ ਹੋਵੋ**
- ਰੋਮੀਆਂ 12:10 ਇੱਕ ਦੂਏ ਨਾਲ ਗੂੜ੍ਹਾ **ਹਿਤ ਰੱਖੋ**, ਆਦਰ ਵਿੱਚ ਦੂਏ ਨੂੰ **ਚੰਗਾ ਸਮਝੋ**
- ਅਫ਼ਸੀਆਂ 4:32 ਇੱਕ ਦੂਏ ਉੱਤੇ **ਕਿਰਪਾਵਾਨ...ਹੋਵੋ** ਅਤੇ ਇੱਕ ਦੂਏ ਨੂੰ **ਮਾਫ਼ ਕਰੋ**
- ਅਫ਼ਸੀਆਂ 5:21 ਇੱਕ ਦੂਏ ਦੇ **ਅਧੀਨ ਰਹੋ**

ਯੂਹੰਨਾ 13:34-35 ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ **ਇੱਕ ਦੂਏ ਨੂੰ ਪਿਆਰ ਕਰੋ** ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ **ਇੱਕ ਦੂਏ ਨੂੰ ਪਿਆਰ ਕਰੋ**। ਜੇ ਤੁਸੀਂ **ਆਪੋ ਵਿੱਚ ਪ੍ਰੇਮ ਰੱਖੋ** ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ।

ਜਦ **ਇੱਕ ਦੂਜੇ** ਦੇ ਨਾਲ ਸਾਡੇ ਸੰਬੰਧ ਟੁੱਟਦੇ ਹਨ—ਜੋ ਕਿ ਪਾਪ ਹੈ—ਤਦ ਪਵਿੱਤਰ ਆਤਮਾ ਨੂੰ ਦੁੱਖ ਹੁੰਦਾ ਹੈ (ਅਫ਼ਸੀਆਂ 4 30), ਅਤੇ ਜ਼ਰੂਰੀ ਹੈ ਕਿ ਅਸੀਂ ਇਕਰਾਰ ਕਰੀਏ ਅਤੇ ਉਸ ਵਿਅਕਤੀ ਦੇ ਨਾਲ ਮੇਲ ਕਰੀਏ, ਆਪਣੇ ਸੰਬੰਧ ਨੂੰ ਮੁੜ ਬਹਾਲ ਕਰੀਏ।

ਮੱਤੀ 19:18-19 ਯਿਸੂ ਨੇ ਕਿਹਾ, ਖ਼ੂਨ **ਨਾ ਕਰ**, ਜ਼ਨਾਹ **ਨਾ ਕਰ**, ਚੋਰੀ ਨਾ ਕਰ, ਝੂਠੀ ਗਵਾਹੀ **ਨਾ ਦਿਹ।** ਆਪਣੇ ਮਾਂ ਪਿਉ ਦਾ **ਆਦਰ ਕਰ** ਅਤੇ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ।

→ ਉਪਰੋਕਤ **ਪਰਮੇਸ਼ਰ ਦੇ ਰਾਜ ਦੇ ਨਿਯਮ ਹਨ।** ਜਦ ਅਸੀਂ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਗੜਬੜੀ / ਨੁਕਸਾਨ / ਦੁਖ / ਵਿਨਾਸ ਅਤੇ ਗਿਰਾਵਟ ਦਾ ਅਰੰਭ ਹੋ ਜਾਂਦਾ ਹੈ ਅਤੇ ਵਿਅਕਤੀ, ਪਰਿਵਾਰ, ਜਾਂ ਰਾਸ਼ਟਰ ਬਰਬਾਦੀ ਵੱਲ ਤੁਰ ਪੈਂਦਾ ਹੈ।

- ਅਮਰੀਕਾ ਵਿੱਚ ਅੱਜ ਇਹੋ ਹੋ ਰਿਹਾ ਹੈ।

ਜਿਵੇਂ ਕਿ ਸਾਡੇ ਨਗਰ, ਰਾਜ ਅਤੇ ਰਾਸ਼ਟਰ ਦੇ ਨਿਯਮ ਸਾਡੇ ਲਈ ਇਸ ਕਰਕੇ ਬਣਾਏ ਹਏ ਹਨ ਕਿ ਸਾਰੇ ਜਣੇ ਇੱਕ ਦੂਜੇ ਦੇ ਨਾਲ ਸ਼ਾਂਤੀ ਵਿੱਚ, ਮੇਲ ਵਿੱਚ, ਧਾਰਮਿਕਤਾ ਵਿੱਚ ਰਹਿ ਸਕਣ।

ਉਦਾਹਰਨ ਵਜੋਂ: ਚੌਰਾਹੇ ਨੂੰ ਪਾਰ ਕਰਨ ਦੇ ਨਿਯਮ—ਜੇਕਰ ਇਨ੍ਹਾਂ ਦੀ ਪਾਲਣਾ ਕੀਤੀ ਜਾਵੇ, ਤਾਂ ਕੋਈ ਦੁਰਘਟਨਾ ਨਹੀਂ ਹੋਵੇਗੀ ਜਾਂ ਦੂਜੇ ਨੂੰ ਨੁਕਸਾਨ ਨਹੀਂ ਪੁੱਜੇਗਾ। ਅਸੀਂ ਸਾਰੇ ਅਰਾਮ ਨਾਲ ਅੱਗੇ ਵਧਾਂਗੇ।

ਰੋਮੀਆਂ 13:8-10 *ਜਿਹੜਾ **ਦੂਏ ਦੇ ਨਾਲ ਪਿਆਰ ਕਰਦਾ ਹੈ ਉਹ ਨੇ ਸ਼ਰਾ ਨੂੰ ਪੂਰਿਆਂ ਕੀਤਾ ਹੈ।** ਏਹ, ਭਈ ਜ਼ਨਾਹ ਨਾ ਕਰ, ਖ਼ੂਨ ਨਾ ਕਰ, ਚੋਰੀ ਨਾ ਕਰ, ਲੋਭ ਨਾ ਕਰ ਅਤੇ ਜੇ ਕੋਈ ਹੋਰ ਹੁਕਮ ਭੀ ਹੋਵੇ ਤਾਂ ਸਭਨਾਂ ਦਾ ਤਾਤਪਰਜ ਐੱਨੀ ਗੱਲ ਵਿੱਚ ਹੈ ਭਈ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ। **ਪਿਆਰ ਗੁਆਂਢੀ ਦਾ ਕੁਝ ਬੁਰਾ ਨਹੀਂ ਕਰਦਾ, ਇਸ ਕਰਕੇ ਪਿਆਰ ਸ਼ਰਾ ਦਾ ਪੂਰਾ ਕਰਨਾ ਹੈ।***

ਮੱਤੀ 5:18-19 *ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜਿੰਨਾ ਚਿਰ ਅਕਾਸ਼ ਅਤੇ ਧਰਤੀ ਟਲ ਨਾ ਜਾਣ ਇੱਕ ਅੱਖਰ ਯਾ ਇੱਕ ਬਿੰਦੀ ਵੀ ਤੁਰੇਤ ਦੀ ਨਾ ਟਲੇਗੀ ਜਦ ਤੀਕ ਸਭ ਕੁਝ ਪੂਰਾ ਨਾ ਹੋਵੇ। ਸੋ ਜੇ ਕੋਈ ਇਨ੍ਹਾਂ **ਸਭਨਾਂ ਤੋਂ ਛੋਟਿਆਂ ਹੁਕਮਾਂ ਵਿੱਚੋਂ ਇੱਕ ਨੂੰ ਵੀ ਟਾਲ ਦੇਵੇ** ਅਤੇ **ਇਸੇ ਤਰਾਂ ਮਨੁੱਖਾਂ ਨੂੰ ਸਿਖਲਾਵੇ** ਸੋ ਸੁਰਗ ਦੇ ਰਾਜ ਵਿੱਚ ਸਭਨਾਂ ਨਾਲੋਂ ਛੋਟਾ ਕਹਾਵੇਗਾ ਪਰ **ਜਿਹੜਾ** ਉਨ੍ਹਾਂ ਦੀ **<u>ਪਾਲਨਾ ਕਰੇ</u>** ਅਤੇ **<u>ਸਿਖਲਾਵੇ</u>** ਉਹ ਸੁਰਗ ਦੇ ਰਾਜ ਵਿੱਚ ਵੱਡਾ ਕਹਾਵੇਗਾ।*

ਫਿਰ, ਇਹ ਆਇਤ ਸਪਸ਼ਟ ਕਰ ਦਿੰਦੀ ਹੈ ਕਿ ਸ਼ਰਾ ਦੀ ਉਲੰਘਣਾ ਕਰਕੇ ਅਸੀਂ **ਆਪਣੀ ਮੁਕਤੀ ਨੂੰ ਨਹੀਂ ਗੁਆਉਂਦੇ** ਪਰ ਅਸੀਂ:

- ਪ੍ਰਭੂ ਨੂੰ ਅਪ੍ਰਸੰਨ ਕਰਦੇ ਹਾਂ
- ਸਵਰਗ ਵਿੱਚ ਇਨਾਮ ਗੁਆ ਬੈਠਦੇ ਹਾਂ
- ਧਰਤੀ ਉੱਤੇ ਆਪਣੇ ਲਈ ਅਤੇ ਦੂਜਿਆਂ ਲਈ ਸ਼ਰਮਿੰਦਗੀ ਅਤੇ ਨੁਕਸਾਨ ਲਿਆਉਂਦੇ ਹਾਂ।

.

## IV. ਅਸੀਂ ਆਪਣਾ ਜੀਵਨ ਇਸ ਤਰ੍ਹਾਂ ਜੀਉਣ ਲਈ **ਅਜ਼ਾਦ ਨਹੀਂ** ਹਾਂ ਕਿ ਦੂਜੇ ਲੋਕ ਪ੍ਰਭੂ ਦੇ ਨਾਮ ਦੇ ਵਿਰੁੱਧ ਬੋਲਣ।

- ਰੋਮੀਆਂ 2:22-24 *ਤੂੰ ਜਿਹੜਾ ਸ਼ਰਾ ਉੱਤੇ ਘਮੰਡ ਕਰਦਾ ਹੈ ਕੀ* ***ਤੂੰ ਸ਼ਰਾ ਦੇ ਉਲੰਘਣ ਕਰ ਕੇ ਪਰਮੇਸ਼ਰ ਦਾ ਅਪਮਾਨ ਕਰਦਾ ਹੈਂ?*** *ਜਿਵੇਂ ਲਿਖਿਆ ਹੋਇਆ ਹੈ ਭਈ ਪਰਾਈਆਂ ਕੌਮਾਂ ਦੇ ਵਿੱਚ ਤੁਹਾਡੇ ਕਾਰਨ ਪਰਮੇਸ਼ਰ ਦੇ ਨਾਮ ਦੀ ਨਿੰਦਿਆ ਹੁੰਦੀ ਹੈ।*

ਉਦਾਹਰਨ: ਟੀਵੀ ਪ੍ਰਚਾਰਕ, ਹੋਰ ਕੋਈ ਵੀ ਵਿਅਕਤੀ।

1 ਕੁਰਿੰਥੀਆਂ 8:9 *ਪਰ ਸੁਚੇਤ ਰਹੋ ਭਈ ਤੁਹਾਡਾ ਇਹ ਹੱਕ ਕਿਤੇ ਨਿਤਾਣਿਆਂ ਲਈ* ***ਠੋਕਰ ਲਾਉਣ ਦਾ ਕਾਰਨ*** *ਨਾ ਹੋਵੇ।*

1 ਕੁਰਿੰਥੀਆਂ 8:12-13 *ਅਤੇ ਐਉਂ ਭਾਈਆਂ ਦਾ ਪਾਪ ਕਰ ਕੇ ਉਨ੍ਹਾਂ ਦੇ ਅੰਤਹਕਰਨ ਨੂੰ ਜਦੋਂ ਉਹ ਨਿਤਾਣਾ ਹੈ ਸੱਟ ਲਾ ਕੇ ਤੁਸੀਂ ਮਸੀਹ ਦਾ ਪਾਪ ਕਰਦੇ ਹੋ। ਇਸੇ ਕਰਕੇ ਜੇ ਭੋਜਨ* (ਜਾਂ ਪੀਣਾ) *ਮੇਰੇ ਭਾਈ ਨੂੰ* ***ਠੋਕਰ ਖੁਆਵੇ*** *ਤਾਂ ਮੈਂ ਅੰਤ ਸਮੇਂ ਤੀਕ ਕਦੇ ਵੀ ਬਲੀ ਨਹੀਂ ਖਾਵਾਂਗਾ ਤਾਂ ਐਉਂ ਨਾ ਹੋਵੇ ਜੋ ਮੈਂ ਆਪਣੇ ਭਾਈ ਨੂੰ ਠੋਕਰ ਖੁਆਵਾਂ।*

- ❖ ਮੇਰੀ ਅਜ਼ਾਦੀ ਉੱਥੇ ਤੱਕ ਜਾਂਦੀ ਹੈ ਜਿੱਥੇ ਦੂਜੇ ਦੀ ਅਜ਼ਾਦੀ ਅਰੰਭ ਹੁੰਦੀ ਹੈ।
- ❖ ਮੇਰੀ ਅਜ਼ਾਦੀ ਦੂਜੇ ਨੂੰ ਠੋਕਰ ਖੁਆਉਣ ਤੋਂ ਪਹਿਲਾਂ ਹੀ ਖਤਮ ਹੋ ਜਾਂਦੀ ਹੈ।

ਸ਼ਰਾ ਅਜੇ ਵੀ ਸਾਡੇ ਨਾਲ ਹੈ ਕਿ ਸਾਨੂੰ **ਸੁਰੱਖਿਆ ਦੇ ਸਥਾਨ ਵਿੱਚ**—ਪਰਮੇਸ਼ਰ ਦੇ ਰਾਜ ਵਿੱਚ—**ਪਹਿਰੇਦਾਰੀ ਵਿੱਚ** ਰੱਖੇ, ਤਾਂ ਜੋ ਅਸੀਂ ਵੈਰੀ ਤੋਂ ਅਜ਼ਾਦ, ਆਪਣੇ ਆਪ ਨੂੰ ਨੁਕਸਾਨ ਪੁਚਾਉਣ ਤੋਂ ਅਜ਼ਾਦ ਅਤੇ ਦੂਜਿਆਂ ਨੂੰ ਨੁਕਸਾਨ ਪੁਚਾਉਣ ਤੋਂ ਅਜ਼ਾਦ ਅਤੇ ਸੁਰੱਖਿਅਤ ਰਹਿ ਸਕੀਏ।

ਰੋਮੀਆਂ 7:12 *ਸੋ ਸ਼ਰਾ **ਪਵਿੱਤਰ** ਹੈ ਅਤੇ ਹੁਕਮਨਾਮਾ **ਪਵਿੱਤਰ** ਅਤੇ **ਜਥਾਰਥ** ਅਤੇ **ਚੰਗਾ** ਹੈ।* (ਆਇਤ 14) *ਸ਼ਰਾ ਆਤਮਕ ਹੈ।*

1 ਤਿਮੋਥਿਉਸ 1:8 *ਪਰ ਅਸੀਂ ਜਾਣਦੇ ਹਾਂ ਭਈ ਸ਼ਰਾ ਚੰਗੀ ਹੈ ਜੇ ਕੋਈ ਉਸ ਨੂੰ ਸ਼ਰਾ ਅਨੁਸਾਰ ਵਰਤੇ।*

## ਅਸੀਸ ਸ਼ਰਾ ਦੀ ਪਾਲਣਾ ਨਾਲ ਆਉਂਦੀ ਹੈ:

ਯਾਕੂਬ 1:25 *ਪਰ ਜਿਹ ਨੇ ਪੂਰੀ ਸ਼ਰਾ ਨੂੰ ਅਰਥਾਤ **ਅਜ਼ਾਦੀ ਦੀ ਸ਼ਰਾ** ਨੂੰ ਗੌਹ ਨਾਲ ਵੇਖਿਆ **ਅਤੇ ਵੇਖਦਾ ਰਹਿੰਦਾ ਹੈ** ਉਹ ਇਹੋ ਜਿਹਾ ਸੁਣਨ ਵਾਲਾ ਨਹੀਂ ਜਿਹੜਾ ਭੁੱਲ ਜਾਵੇ ਸਗੋਂ ਕਰਮ ਦਾ ਕਰਤਾ ਹੋ ਕੇ **ਆਪਣੇ ਕੰਮ ਵਿੱਚ ਧੰਨ ਹੋਵੇਗਾ।***

ਜ਼ਬੂਰ 1:1-3 ***ਧੰਨ** ਹੈ ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ ਨਹੀਂ ਚੱਲਦਾ, ਨਾ ਪਾਪੀਆਂ ਦੇ ਰਾਹ ਵਿੱਚ ਖੜਾ ਰਹਿੰਦਾ, ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ ਬਹਿੰਦਾ ਹੈ। **ਪਰ ਉਹ ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ**, ਅਤੇ ਦਿਨ ਰਾਤ ਉਸ ਦੀ ਬਿਵਸਥਾ ਉੱਤੇ ਧਿਆਨ ਕਰਦਾ ਹੈ। ਉਹ ਤਾਂ ਉਸ ਬਿਰਛ ਵਰਗਾ ਹੋਵੇਗਾ, ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ, ਜਿਹੜਾ ਰੁਤ ਸਿਰ ਆਪਣਾ ਫਲ ਦਿੰਦਾ ਹੈ, ਜਿਹ ਦੇ ਪੱਤੇ ਨਹੀਂ ਕੁਮਲਾਉਂਦੇ, ਅਤੇ **ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ।***

ਜ਼ਬੂਰ 19:7-11 ***ਯਹੋਵਾਹ ਦੀ ਬਿਵਸਥਾ ਪੂਰੀ ਪੂਰੀ ਹੈ, ਉਹ ਜਾਨ ਨੂੰ ਬਹਾਲ ਕਰਦੀ ਹੈ,** ਯਹੋਵਾਹ ਦੀ ਸਾਖੀ ਸੱਚੀ ਹੈ, ਉਹ ਭੋਲੇ ਨੂੰ ਬੁੱਧਵਾਨ ਕਰਦੀ ਹੈ। ਯਹੋਵਾਹ ਦੇ **ਫ਼ਰਮਾਨ** ਸਿੱਧੇ ਹਨ, ਓਹ ਦਿਲ ਨੂੰ ਅੰਨਦ ਕਰਦੇ ਹਨ, ਯਹੋਵਾਹ ਦਾ **ਹੁਕਮ** ਨਿਰਮਲ ਹੈ, ਉਹ ਅੱਖੀਆਂ ਨੂੰ ਚਾਨਣ ਦਿੰਦਾ ਹੈ। ਯਹੋਵਾਹ ਦਾ ਭੈ ਸ਼ੁੱਧ ਹੈ, ਉਹ ਸਦਾ ਤੀਕੁਰ ਕਾਇਮ ਰਹਿੰਦਾ ਹੈ, ਯਹੋਵਾਹ ਦੇ ਨਿਆਉਂ ਸਤ ਹਨ, ਓਹ ਨਿਰੇ ਪੂਰੇ ਧਰਮ ਹਨ। ਓਹ ਸੋਨੇ ਨਾਲੋਂ ਸਗੋਂ ਬਹੁਤ ਕੁੰਦਨ ਸੋਨੇ ਨਾਲੋਂ ਮਨ ਭਾਉਂਦੇ ਹਨ, ਅਤੇ ਸ਼ਹਿਤ ਅਤੇ ਮਖੀਲ ਦਿਆਂ ਚੋਇਆਂ ਨਾਲੋਂ ਵੀ ਮਿੱਠੇ ਹਨ। ਨਾਲੇ ਉਨ੍ਹਾਂ ਤੋਂ ਤੇਰਾ ਦਾਸ ਚਿਤਾਇਆ ਜਾਂਦਾ ਹੈ, ਅਰ **ਉਨ੍ਹਾਂ ਦੇ ਮੰਨਣ ਵਿੱਚ ਵੱਡਾ ਲਾਭ ਹੈ।***

ਯਹੋਸ਼ੁਆ 1:8 *ਏਹ **ਬਿਵਸਥਾ ਦੀ ਪੋਥੀ** ਤੇਰੇ ਮੂੰਹ ਤੋਂ ਕਦੀ ਵੱਖਰੀ ਨਾ ਹੋਵੇ ਸਗੋਂ ਤੂੰ ਦਿਨ ਰਾਤ ਉਸ ਉੱਤੇ ਧਿਆਨ ਰੱਖ ਤਾਂ ਜੋ ਤੂੰ ਉਸ ਸਾਰੇ ਦੇ ਅਨੁਸਾਰ ਜੋ ਉਸ ਵਿੱਚ ਲਿਖਿਆ ਹੈ ਚੱਲੇਂ ਤੇ ਉਸ ਨੂੰ ਪੂਰਾ ਕਰੇਂ **ਤਾਂ** ਤੂੰ ਆਪਣੇ ਮਾਰਗ ਨੂੰ **ਸੁਫਲ ਬਣਾਵੇਂਗਾ** ਅਤੇ ਤੇਰਾ **ਬੋਲ ਬਾਲਾ ਹੋਵੇਗਾ।***

# ਮਸੀਹ ਦਾ ਨਿਆਉਂ ਸਿੰਘਾਸਣ!

ਯਾਕੂਬ 2:12 *ਤੁਸੀਂ ਇਉਂ ਬੋਲੋ ਅਤੇ ਇਉਂ ਕੰਮ ਕਰੋ ਜਿਵੇਂ ਓਹ ਜਿਨ੍ਹਾਂ ਦਾ* ***ਨਿਆਉਂ*** *ਅਜ਼ਾਦੀ ਦੀ ਸ਼ਰਾ ਨਾਲ* ***ਹੋਣਾ ਹੈ।***

ਵਿਸ਼ਵਾਸੀਆਂ ਵਜੋਂ, ਸਾਡਾ ਨਿਆਉਂ ਇਸ ਅਧਾਰ ’ਤੇ ਕੀਤਾ ਜਾਵੇਗਾ ਕਿ ਦੂਜਿਆਂ ਦੇ ਨਾਲ ਸੰਬੰਧ ਵਿੱਚ ਅਸੀਂ ਆਪਣਾ ਜੀਵਨ ਕਿਵੇਂ ਬਤੀਤ ਕੀਤਾ ਹੈ।

2 ਕੁਰਿੰਥੀਆਂ 5:10 *ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ* ***ਫਲ ਭੋਗੇ।***

NLT *ਸਾਨੂੰ ਉਹ ਮਿਲੇਗਾ ਜਿਸ ਦੇ ਅਸੀਂ ਹੱਕਦਾਰ ਹਾਂ।*

NIV *ਤਾਂ ਜੋ ਹਰੇਕ ਨੂੰ ਉਹ ਮਿਲੇ ਜੋ ਉਸ ਦੇ ਹਿੱਸੇ ਆਉਂਦਾ ਹੈ।*

- ਪੌਲੁਸ ਵਿਸ਼ਵਾਸੀਆਂ ਨੂੰ, ਕੁਰਿੰਥੁਸ ਦੀ ਕਲੀਸਿਆ ਨੂੰ, ਲਿਖ ਰਿਹਾ ਹੈ, ਇਸ ਕਰਕੇ ਇਹ ਸਭਨਾਂ ਵਿਸ਼ਵਾਸੀਆਂ ਉੱਤੇ ਲਾਗੂ ਹੁੰਦਾ ਹੈ।
- ਮਸੀਹ ਦਾ ਨਿਆਉਂ ਸਿੰਘਾਸਣ ਸਿਰਫ ਵਿਸ਼ਵਾਸੀਆਂ ਦੇ ਲਈ ਹੈ।
- ਵੱਡਾ ਚਿੱਟਾ ਨਿਆਉਂ ਸਿੰਘਾਸਣ ਗੈਰਵਿਸ਼ਵਾਸੀਆਂ ਦੇ ਲਈ ਹੈ।

ਪਰਕਾਸ਼ 20:11-15

## ਇਹ ਸਦੀਪਕ ਜੀਵਨ ਲਈ ਨਿਆਉਂ ਜਾਂ ਨਿਰਧਾਰਣ ਨਹੀਂ ਹੈ।

- ਉਹ ਨਿਆਉਂ ਤਾਂ ਪਹਿਲਾਂ ਹੀ ਹੋ ਚੁੱਕਾ ਹੈ।

ਰੋਮੀਆਂ 8:2-3 ...*ਪਰਮੇਸ਼ਰ ਨੇ ਆਪਣਾ ਪੁੱਤਰ ਪਾਪ ਦੇ ਲਈ ਪਾਪੀ ਸਰੀਰ ਦੇ ਰੂਪ ਵਿੱਚ ਘੱਲ ਕੇ ਸਰੀਰ ਵਿੱਚ ਹੀ ਪਾਪ ਉੱਤੇ* * ***ਸਜ਼ਾ ਦਾ ਹੁਕਮ ਦਿੱਤਾ।***

*(ਦਾ ਨਿਆਉਂ ਕਰਨਾ, ਸਜ਼ਾ ਸੁਣਾਉਣਾ, ਦੋਸ਼ੀ ਠਹਿਰਾਉਣਾ, ਫਿਟਕਾਰਨਾ)

2 ਕੁਰਿੰਥੀਆਂ 5:21 *ਉਹ ਨੇ ਉਸ ਨੂੰ ਜਿਹਨਾ ਪਾਪ ਦਾ ਜਾਣੂ ਨਹੀਂ ਸੀ* ***ਸਾਡੀ ਖ਼ਾਤਰ ਪਾਪ ਠਹਿਰਾਇਆ ਗਿਆ*** *ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ਰ ਦਾ ਧਰਮ ਬਣੀਏ।*

ਰੋਮੀਆਂ 4:7-8 *ਧੰਨ ਓਹ ਜਿਨ੍ਹਾਂ ਦੇ ਅਪਰਾਧ* ***ਖਿਮਾ ਹੋ ਗਏ****, ਅਤੇ ਜਿਨ੍ਹਾਂ ਦੇ ਪਾਪ* ***ਢੱਕੇ ਹੋਏ ਹਨ।*** *ਧੰਨ ਹੈ ਉਹ ਪੁਰਖ ਜਿਹ ਦੇ ਲੇਖੇ ਵਿੱਚ ਪ੍ਰਭੁ ਪਾਪ* ***ਨਾ ਗਿਣੇਗਾ।***

ਕੁਲੁੱਸੀਆਂ 2:13-15 *ਉਸ ਨੇ ਤੁਹਾਨੂੰ...ਉਹ ਦੇ ਨਾਲ ਜਿਵਾਲਿਆ ਕਿਉਂ ਜੋ* ***ਉਸ ਨੇ ਸਾਡੇ ਸਾਰੇ ਅਪਰਾਧ ਸਾਨੂੰ ਮਾਫ਼ ਕੀਤੇ।*** *ਅਤੇ ਉਸ *ਲਿਖਤ ਨੂੰ ਜਿਹੜੀ ਹੁਕਮਾਂ ਕਰਕੇ ਸਾਡੇ ਉਲਟ ਅਤੇ ਸਾਡੇ ਵਿਰੁੱਧ ਸੀ ਉਸ ਨੇ ਮੇਸ ਦਿੱਤਾ ਅਤੇ ਉਹ ਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ ਵਿੱਚੋਂ ਚੁੱਕ ਸੁੱਟਿਆ।*

*ਡੋਗਮਾ(ਡੋਗਮਾਹ) ਇਕ ਕਨੂੰਨ (ਨਾਗਰਿਕ, ਧਾਰਮਿਕ ਜਾਂ ਮਸੀਹੀ)

## ਇਹ ਸਦੀਪਕ ਜੀਵਨ ਲਈ ਨਿਆਉਂ ਜਾਂ ਨਿਰਧਾਰਣ **ਨਹੀਂ** ਹੈ।

## ਪਰ ਇਹ ਇਸ ਗੱਲ ਦਾ ਨਿਆਉਂ ਹੈ ਕਿ ਅਸੀਂ ਆਪਣਾ ਮਸੀਹੀ ਜੀਵਨ ਕਿਵੇਂ ਬਤੀਤ ਕੀਤਾ **ਹੈ।**

ਮੱਤੀ 18:6 *ਪਰ ਜੇ ਕੋਈ ਇਨ੍ਹਾਂ ਛੋਟਿਆਂ ਵਿੱਚੋਂ ਜਿਹੜੇ ਮੇਰੇ ਉੱਤੇ ਨਿਹਚਾ ਕਰਦੇ ਹਨ ਇੱਕ ਨੂੰ* ***ਠੋਕਰ ਖੁਆਵੇ*** *ਉਹ ਦੇ ਲਈ ਚੰਗਾ ਸੀ ਜੋ ਖਰਾਸ ਦਾ ਪੁੜ ਉਹ ਦੇ ਗਲ ਵਿੱਚ ਬੰਨ੍ਹਿਆ ਜਾਂਦਾ ਅਤੇ ਉਹ ਸਮੁੰਦਰ ਦੇ ਡੂੰਘਾਣ ਵਿੱਚ ਡੋਬਿਆ ਜਾਂਦਾ।*

ਜਦ ਯਿਸੂ ਨੇ ਆਪਣੇ ਲਈ ਲੋਕਾਂ ਨੂੰ ਬਚਾਉਣ ਖਾਤਰ / ਮਾਫ ਕਰਨ ਖਾਤਰ / ਛੁਡਾਉਣ ਖਾਤਰ ਐਨੀ ਵੱਡੀ ਕੀਮਤ ਅਦਾ ਕੀਤੀ ਹੈ—ਤਾਂ ਫਿਰ ਜੇਕਰ ਅਸੀਂ ਅਜਿਹਾ ਕੁਝ ਕਰ ਦੇਈਏ ਕਿ ਜਿਸ ਤੋਂ ਉਸ ਦੇ ਕਿਸੇ ਪਿਆਰੇ ਨੂੰ ਠੋਕਰ ਲੱਗੇ, ਤਾਂ ਇਸ ਤੋਂ ਉਹ ਪ੍ਰਸੰਨ ਨਹੀਂ ਹੁੰਦਾ। :o/

1 ਕੁਰਿੰਥੀਆਂ 8:13 *ਇਸੇ ਕਰਕੇ ਜੇ* ***ਭੋਜਨ*** *ਮੇਰੇ ਭਾਈ ਨੂੰ* ***ਠੋਕਰ ਖੁਆਵੇ*** *ਤਾਂ ਮੈਂ ਅੰਤ ਸਮੇਂ ਤੀਕ ਕਦੇ ਵੀ ਬਲੀ ਨਹੀਂ ਖਾਵਾਂਗਾ ਤਾਂ* ***ਐਉਂ ਨਾ ਹੋਵੇ ਜੋ ਮੈਂ ਆਪਣੇ ਭਾਈ ਨੂੰ ਠੋਕਰ ਖੁਆਵਾਂ।***

ਰੋਮੀਆਂ 14:10-23 *ਪਰ ਤੂੰ ਆਪਣੇ ਭਰਾ ਉੱਤੇ ਕਾਹਨੂੰ ਦੋਸ਼ ਲਾਉਂਦਾ ਹੈਂ ਅਥਵਾ ਫੇਰ ਤੂੰ ਆਪਣੇ ਭਰਾ ਨੂੰ ਕਿਉਂ ਤੁੱਛ ਜਾਣਦਾ ਹੈਂ?* ***ਕਿਉਂ ਜੋ ਅਸੀਂ ਸੱਭੇ ਪਰਮੇਸ਼ਰ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਖੜੇ ਹੋਵਾਂਗੇ।*** *(11) ਕਿਉਂ ਜੋ ਇਹ ਲਿਖਿਆ ਹੋਇਆ ਹੈ,-ਪ੍ਰਭੁ ਆਖਦਾ ਹੈ, ਆਪਣੀ ਜਿੰਦ ਦੀ ਸੌਂਹ, ਹਰ ਇੱਕ ਗੋਡਾ ਮੇਰੇ ਅੱਗੇ ਨਿਵੇਗਾ, ਅਤੇ ਹਰ ਇੱਕ ਜੀਭ ਪਰਮੇਸ਼ਰ ਦੇ ਅੱਗੇ ਇਕਰਾਰ ਕਰੇਗੀ। (12)* ***ਸੋ ਸਾਡੇ ਵਿੱਚੋਂ ਹਰੇਕ ਨੇ ਪਰਮੇਸ਼ਰ ਨੂੰ ਆਪੋ ਆਪਣਾ ਲੇਖਾ ਦੇਣਾ ਹੈ।*** *(13) ਇਸ ਲਈ ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ ਦੋਸ਼ ਨਾ ਲਾਈਏ ਸਗੋਂ ਤੁਸੀਂ ਇਹ ਵਿਚਾਰੋ ਭਈ* ***ਠੇਡੇ ਅਥਵਾ ਠੋਕਰ ਵਾਲੀ ਵਸਤ ਤੁਸੀਂ ਆਪਣੇ ਭਰਾ ਦੇ ਰਾਹ ਵਿੱਚ ਨਾ ਰੱਖੋ।*** *(14) ਮੈਂ ਜਾਣਦਾ ਹਾਂ ਅਤੇ ਪ੍ਰਭੁ ਯਿਸੂ ਤੋਂ*

*ਮੈਨੂੰ ਨਿਹਚਾ ਹੋਈ ਹੈ ਭਈ ਕੋਈ ਵਸਤ ਆਪ ਤੋਂ ਆਪ ਅਸ਼ੁੱਧ ਨਹੀਂ ਪਰ ਜਿਹੜਾ ਕਿਸੇ ਵਸਤ ਨੂੰ ਅਸ਼ੁੱਧ ਮੰਨਦਾ ਹੈ ਉਹ ਉਸ ਦੇ ਲਈ ਅਸ਼ੁੱਧ ਹੈ। (15)* ***ਜੇਕਰ ਤੇਰੇ ਭੋਜਨ ਕਰਕੇ ਤੇਰਾ ਭਰਾ ਦੁਖੀ ਹੁੰਦਾ ਹੈ ਤਾਂ ਤੂੰ ਅਜੇ ਪ੍ਰੇਮ ਨਾਲ ਨਹੀਂ ਚੱਲਦਾ ਹੈਂ।*** *ਜਿਹ ਦੇ ਲਈ ਮਸੀਹ ਮੋਇਆ ਤੂੰ ਭੋਜਨ* (ਜਾਂ ਪੀਣ) *ਨਾਲ ਉਹ ਦਾ ਨਾਸ ਨਾ ਕਰ। (16) ਸੋ ਤੁਹਾਡੀ ਸੁਬਿਹਤੇ ਦੀ ਬਦਨਾਮੀ ਨਾ ਕੀਤੀ ਜਾਵੇ। (17) ਕਿਉਂ ਜੋ ਪਰਮੇਸ਼ਰ ਦਾ ਰਾਜ ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਅਨੰਦ ਹੈ। (18) ਅਤੇ* ***ਜਿਹੜਾ ਇਸ ਬਿਧ ਨਾਲ ਮਸੀਹ ਦੀ ਸੇਵਾ ਕਰਦਾ ਹੈ ਉਹ ਤਾਂ ਪਰਮੇਸ਼ਰ ਨੂੰ ਭਾਉਂਦਾ ਅਤੇ ਮਨੁੱਖਾਂ ਨੂੰ ਪਰਵਾਨ ਹੁੰਦਾ ਹੈ।*** *(19) ਸੋ ਚੱਲੋ ਅਸੀਂ ਓਹਨਾਂ ਗੱਲਾਂ ਦਾ ਪਿੱਛਾ ਕਰੀਏ ਜਿਨ੍ਹਾਂ ਤੋਂ ਮਿਲਾਪ ਅਤੇ ਇੱਕ ਦੂਏ ਦੀ ਤਰੱਕੀ ਹੋਵੇ। (20) ਭੋਜਨ ਦੇ ਕਾਰਨ ਪਰਮੇਸ਼ਰ ਦਾ ਕੰਮ ਨਾ ਵਿਗਾੜ। ਸੱਭੋ ਕੁਝ ਸ਼ੁੱਧ ਤਾਂ ਹੈ* ***ਪਰ*** *ਓਸ ਮਨੁੱਖ ਦੇ ਲਈ* ***ਬੁਰਾ ਹੈ*** *ਜਿਹ ਦੇ ਖਾਣਾ ਤੋਂ ਠੋਕਰ ਲੱਗਦੀ ਹੈ। (21)* ***ਭਲੀ ਗੱਲ ਇਹ ਹੈ ਜੋ ਨਾ ਤੂੰ ਮਾਸ ਖਾਵੇਂ ਨਾ ਮੈ ਪੀਵੇਂ ਨਾ ਕੋਈ ਇਹੋ ਜਿਹਾ ਕੰਮ ਕਰੇਂ*** *ਜਿਸ ਤੋਂ ਤੇਰਾ ਭਰਾ* ***ਠੇਡਾ ਖਾਵੇ।***

1 ਕੁਰਿੰਥੀਆਂ 10:31-33 *ਸੋ ਭਾਵੇਂ ਤੁਸੀਂ* ***ਖਾਂਦੇ*** *ਭਾਵੇਂ* ***ਪੀਂਦੇ*** *ਭਾਵੇਂ ਕੁਝ ਹੀ ਕਰਦੇ ਹੋ ਸੱਭੋ ਕੁਝ ਪਰਮੇਸ਼ਰ ਦੀ ਵਡਿਆਈ ਲਈ ਕਰੋ।* ***ਤੁਸੀਂ ਨਾ*** *ਯਹੂਦੀਆਂ, ਨਾ ਯੂਨਾਨੀਆਂ, ਨਾ ਪਰਮੇਸ਼ਰ ਦੀ ਕਲੀਸਿਯਾ ਦੇ ਲਈ* ***ਠੋਕਰ ਦੇ ਕਾਰਨ ਬਣੋ।*** *ਜਿਵੇਂ ਮੈਂ ਸਭਨਾਂ ਗੱਲਾਂ ਵਿੱਚ ਸਭਨਾਂ ਨੂੰ ਪਰਸੰਨ ਰੱਖਦਾ ਹਾਂ ਅਤੇ ਆਪਣੇ ਹੀ ਨਹੀਂ ਸਗੋਂ ਬਾਹਰਲਿਆਂ ਦੇ ਭਲੇ ਲਈ ਜਤਨ ਕਰਦਾ ਹਾਂ* ***ਜੋ ਓਹ ਬਚਾਏ ਜਾਣ।***

> ਮੁੱਦਾ ਇਹੋ ਹੈ: ਸਾਡਾ ਜੀਵਨ ਇਸ ਤਰ੍ਹਾਂ ਜੀਉਣਾ ਕਿ ਕਿਸੇ ਨੂੰ ਕਸ਼ਟ ਨਾ ਪੁੱਜੇ ਜਾਂ ਕਿਸੇ ਨੂੰ ਠੋਕਰ ਨਾ ਲੱਗੇ ਤਾਂ *"ਜੋ ਓਹ ਬਚਾਏ ਜਾਣ।"*

2 ਕੁਰਿੰਥੀਆਂ 6:3-4 *ਅਸੀਂ* ***ਕਿਸੇ ਗੱਲ ਵਿੱਚ ਠੋਕਰ ਨਹੀਂ ਖੁਆਉਂਦੇ*** *ਭਈ ਕਿਤੇ ਇਸ ਸੇਵਕਾਈ ਉੱਤੇ ਹਰਫ਼ ਨਾ ਆਵੇ। ਪਰ ਜਿਵੇਂ ਪਰਮੇਸ਼ਰ ਦੇ ਸੇਵਕਾਂ ਦੇ ਜੋਗ ਹੈ ਤਿਵੇਂ ਹਰ ਇੱਕ ਗੱਲ ਤੋਂ ਆਪਣੇ ਲਈ ਪਰਮਾਣ ਦਿੰਦੇ ਹਾਂ ਅਰਥਾਤ ਵੱਡੇ ਸਹਾਰੇ ਤੋਂ, ਬਿਪਤਾ ਤੋਂ, ਥੁੜਾਂ ਤੋਂ, ਤੰਗੀਆਂ ਤੋਂ*

1 ਕੁਰਿੰਥੀਆਂ 9:19-23 *ਭਾਵੇਂ* ***ਮੈਂ*** *ਸਭਨਾਂ ਤੋਂ ਅਜ਼ਾਦ ਸਾਂ ਤਾਂ ਵੀ* ***ਆਪਣੇ ਆਪ ਨੂੰ ਸਭਨਾਂ ਦਾ ਦਾਸ ਕੀਤਾ*** *ਭਈ ਮੈਂ ਬਾਹਲਿਆਂ ਨੂੰ ਖਿੱਚ ਲਿਆਵਾਂ। (20) ਅਤੇ ਯਹੂਦੀਆਂ ਲਈ ਮੈਂ ਯਹੂਦੀ ਜਿਹਾ ਬਣਿਆ ਭਈ ਯਹੂਦੀਆਂ ਨੂੰ ਖਿੱਚ ਲਿਆਵਾਂ ਅਤੇ ਭਾਵੇਂ ਆਪ ਸ਼ਰਾ ਅਧੀਨ ਨਹੀਂ ਹਾਂ ਤਾਂ ਵੀ ਸ਼ਰਾ ਅਧੀਨਾਂ ਲਈ ਮੈਂ ਸ਼ਰਾ ਅਧੀਨ ਜਿਹਾ ਬਣਿਆ ਭਈ ਮੈਂ ਸ਼ਰਾ ਅਧੀਨਾਂ ਨੂੰ ਖਿੱਚ ਲਿਆਵਾਂ। (21) ਮੈਂ ਜੋ ਪਰਮੇਸ਼ਰ ਦੇ ਭਾਣੇ ਸ਼ਰਾ ਹੀਣ ਨਹੀਂ ਹਾਂ ਸਗੋਂ ਮਸੀਹ ਦੇ ਭਾਣੇ ਸ਼ਰਾ ਅਧੀਨ ਹਾਂ ਸ਼ਰਾ ਹੀਣਾਂ ਲਈ ਮੈਂ ਸ਼ਰਾ ਹੀਣ ਜਿਹਾ ਬਣਿਆ ਭਈ ਮੈਂ ਸ਼ਰਾ ਹੀਣਾਂ ਨੂੰ ਖਿੱਚ ਲਿਆਵਾਂ। (22) ਮੈਂ ਨਿਤਾਣਿਆਂ ਲਈ ਨਿਤਾਣਾ ਬਣਿਆ ਭਈ ਨਿਤਾਣਿਆਂ ਨੂੰ ਖਿੱਚ ਲਿਆਵਾਂ।* ***ਮੈਂ ਸਭਨਾਂ ਲਈ ਸਭ ਕੁਝ ਬਣਿਆ ਹਾਂ ਤਾਂ***

*ਜੋ ਮੈਂ ਹਰ ਤਰਾਂ ਨਾਲ ਕਈਆਂ ਨੂੰ ਬਚਾਵਾਂ। (23) ਅਤੇ ਮੈਂ ਸੱਭੋ ਕੁਝ ਇੰਜੀਲ ਦੇ ਨਮਿੱਤ ਕਰਦਾ ਹਾਂ ਭਈ ਮੈਂ ਹੋਰਨਾਂ ਨਾਲ ਰਲ ਕੇ ਉਸ ਵਿੱਚ ਸਾਂਝੀ ਹੋ ਜਾਵਾਂ।*

*ਕੁਲੁੱਸੀਆਂ* 4:5-6 ***ਤੁਸੀਂ*** *ਸਮੇਂ ਨੂੰ ਲਾਹਾ ਜਾਣ ਕੇ* ***ਬਾਹਰਲਿਆਂ ਦੇ ਅੱਗੇ ਹੋਸ਼ ਨਾਲ ਚੱਲੋ।*** *ਤੁਹਾਡੀ ਗੱਲ ਬਾਤ ਸਦਾ ਕਿਰਪਾਮਈ ਅਤੇ ਸਲੂਣੀ ਹੋਵੇ ਤਾਂ ਜੋ ਤੁਸੀਂ ਜਾਣੋ ਭਈ ਹਰੇਕ ਨੂੰ ਕਿਵੇਂ ਉੱਤਰ ਦੇਣਾ ਚਾਹੀਦਾ ਹੈ।*

ਗਲਾਤੀਆਂ 6:2 *ਤੁਸੀਂ ਇੱਕ ਦੂਏ ਦੇ ਭਾਰ ਚੁੱਕ ਲਵੋ ਅਤੇ ਇਉਂ* ***ਮਸੀਹ ਦੀ ਸ਼ਰਾ ਨੂੰ ਪੂਰਿਆਂ ਕਰੋ।***

***ਅਜ਼ਾਦੀ ਲਈ*** *ਮਸੀਹ ਨੇ ਸਾਨੂੰ ਅਜ਼ਾਦ ਕੀਤਾ* (ਅਜ਼ਾਦੀ ਦੀ ਤੁਹਾਡੀ ਆਪਣੀ ਪਰਿਭਾਸ਼ਾ ਲਈ ਨਹੀਂ)। *ਇਸ ਲਈ* ***ਦ੍ਰਿੜ ਰਹੋ*** *ਅਤੇ ਗੁਲਾਮੀ ਦੇ ਜੂਲੇ ਹੇਠਾਂ ਮੁੜ ਕੇ ਨਾ ਜੁਪੋ।* ਗਲਾਤੀਆਂ 5:1

ਆਮੀਨ!